# STANISLAUS ਕਾਉਂਟੀ ਦਾ ਵੋਟਰ ਰਜਿਸਟਰਾਰ

# ਚੋਣ ਪ੍ਰਬੰਧਨ ਯੋਜਨਾ

## ਦੋ-ਸਾਲ ਦਾ ਨਵੀਨੀਕਰਨ

ਜਨਵਰੀ 2024

**Donna Linder, STANISLAUS ਕਾਉਂਟੀ ਕਲਰਕ-ਰਿਕਾਰਡਰ/ਵੋਟਰਾਂ ਦਾ ਰਜਿਸਟਰਾਰ**

1021 “I” Street, Modesto, CA 95354
stanvote@stancounty.com
ਟੋਲ-ਫ੍ਰੀ: (833) 772-2260
TTY: (833) 646-2136
www.stanvote.com

## ਵੋਟਰ ਚੁਆਇਸ ਐਕਟ ਦਾ ਪਿਛੋਕੜ (ਚੋਣ ਕੋਡ §4005)

2016 ਵਿੱਚ California ਨੇ ਸੈਨੇਟ ਬਿੱਲ 450, ਵੋਟਰਜ਼ ਚੁਆਇਸ ਐਕਟ (Voter's Choice Act, VCA) ਨੂੰ ਅਪਣਾਇਆ, 2018 ਵਿੱਚ ਇੱਕ ਨਵਾਂ ਵੋਟਿੰਗ ਮਾਡਲ ਦਾ ਸੰਚਾਲਨ ਕਰਨ ਲਈ 14 ਕਾਉਂਟੀਆਂ ਨੂੰ ਅਧਿਕਾਰਤ ਕੀਤਾ। ਇਸਦਾ ਟੀਚਾ ਵੋਟਿੰਗ ਨੂੰ ਜਿਆਦਾ ਪਹੁੰਚਯੋਗ ਅਤੇ ਸੁਵਿਧਾਜਨਕ ਬਣਾਉਣਾ ਸੀ। VCA ਮਾਡਲ ਦੇ ਤਹਿਤ, ਚੋਣ ਅਧਿਕਾਰੀਆਂ ਨੂੰ ਚੋਣ ਦਿਨ ਤੋਂ 29 ਦਿਨ ਪਹਿਲਾਂ ਸਾਰੇ ਸਕ੍ਰਿਅ ਰਜਿਸਟਰਡ ਵੋਟਰਾਂ ਨੂੰ ਇੱਕ ਬੈਲਟ ਡਾਕ ਰਾਹੀਂ ਭੇਜਣ ਦੀ ਲੋੜ ਹੁੰਦੀ ਹੈ। ਵੋਟਰ ਡਾਕ ਰਾਹੀਂ, ਅਧਿਕਾਰਤ ਬੈਲਟ ਡ੍ਰੌਪ ਬਾਕਸ 'ਤੇ ਜਾਂ ਮੁੱਖ ਦਫ਼ਤਰ ਜਾਂ ਵੋਟ ਕੇਂਦਰ ਤੇ ਵਿਅਕਤੀਗਤ ਤੌਰ ਤੇ ਬੈਲਟ ਵਾਪਸ ਕਰਨ ਦੀ ਚੋਣ ਕਰ ਸਕਦੇ ਹਨ। ਵੋਟ ਕੇਂਦਰ ਇੱਕ ਵਿਅਕਤੀਗਤ ਵੋਟਿੰਗ ਵਿਕਲਪ ਦੀ ਪੇਸ਼ਕਸ਼ ਕਰਦੇ ਹਨ ਜਿਵੇਂ ਕਿ ਪੋਲਿੰਗ ਸਥਾਨ, ਪਰ ਚੋਣ ਦਿਨ ਅਤੇ ਚੋਣ ਦਿਵਸ ਤੋਂ ਚਾਰ ਤੋਂ ਦਸ ਦਿਨ ਪਹਿਲਾਂ ਖੋਲ੍ਹੇ ਜਾਂਦੇ ਹਨ, ਜੋ ਵੋਟਰਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਲਈ ਲੈਸ ਹੁੰਦੇ ਹਨ ਜੋ ਚੋਣਾਂ ਵਿੱਚ ਪੇਸ਼ ਨਹੀਂ ਕੀਤੀਆਂ ਜਾ ਸਕਦੀਆਂ ਸਨ। VCA ਵੋਟਰਾਂ ਦੇ ਵਿਕਲਪਾਂ ਦਾ ਵਿਸਤਾਰ ਕਰਦਾ ਹੈ ਕਿ ਕਿੱਥੇ ਅਤੇ ਕਦੋਂ ਵੋਟ ਪਾਉਣੀ ਹੈ।

2020 ਵਿੱਚ COVID-19 ਮਹਾਂਮਾਰੀ ਦੇ ਕਾਰਨ, ਵਾਇਰਸ ਦੇ ਫੈਲਣ ਨੂੰ ਹੌਲੀ ਕਰਨ ਅਤੇ ਵੋਟਰਾਂ ਅਤੇ ਚੋਣ ਕਰਮਚਾਰੀਆਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਨ ਲਈ ਅਸੈਂਬਲੀ ਬਿੱਲ 860 (Assembly Bill [AB] 860) ਅਤੇ ਸੈਨੇਟ ਬਿੱਲ (Senate Bill [SB] 423) ਸਮੇਤ ਸੰਕਟਕਾਲੀਨ ਕਾਨੂੰਨ ਬਣਾਏ ਗਏ ਸਨ। ਮਹਾਂਮਾਰੀ ਦੇ ਕਾਰਨ, ਕਾਉਂਟੀਆਂ ਨੇ ਸੂਬੇ ਭਰ ਵਿੱਚ ਇੱਕੋ ਜਿਹੀਆਂ ਚੁਣੌਤੀਆਂ ਸਾਂਝੀਆਂ ਕੀਤੀਆਂ ਹਨ ਜਿਸ ਵਿੱਚ ਸੀਮਤ ਗਿਣਤੀ ਵਿੱਚ ਪੋਲਿੰਗ ਵਰਕਰਾਂ ਅਤੇ ਸਹੂਲਤਾਂ ਸ਼ਾਮਲ ਹਨ ਜੋ ਪੋਲਿੰਗ ਸਥਾਨ ਵਜੋਂ ਖੁੱਲ੍ਹੀਆਂ ਹੋ ਸਕਦੀਆਂ ਹਨ। AB 860 ਅਤੇ SB 423 ਦੇ ਸੁਮੇਲ ਨੇ Stanislaus ਵਰਗੀਆਂ ਰਵਾਇਤੀ ਪੋਲਿੰਗ ਸਥਾਨ ਕਾਉਂਟੀਆਂ ਨੂੰ VCA ਕਾਉਂਟੀਆਂ ਵਾਂਗ ਚੋਣਾਂ ਕਰਵਾਉਣ ਦੀ ਇਜਾਜ਼ਤ ਦਿੱਤੀ। AB 860 ਲਈ ਚੋਣ ਅਧਿਕਾਰੀਆਂ ਨੂੰ ਸਾਰੇ ਸਕ੍ਰਿਅ ਰਜਿਸਟਰਡ ਵੋਟਰਾਂ ਨੂੰ ਇੱਕ ਬੈਲਟ ਡਾਕ ਰਾਹੀਂ ਭੇਜਣ ਦੀ ਲੋੜ ਹੁੰਦੀ ਹੈ ਜਦੋਂ ਕਿ SB 423 ਨੇ ਕਾਉਂਟੀਆਂ ਨੂੰ ਪੋਲਿੰਗ ਸਥਾਨਾਂ ਨੂੰ ਇਕੱਠਾ ਕਰਨ ਦੀ ਇਜਾਜ਼ਤ ਦਿੱਤੀ ਸੀ ਅਤੇ ਇਹਨਾਂ ਸਥਾਨਾਂ ਨੂੰ ਚੋਣ ਦਿਨ ਤੋਂ 3 ਦਿਨ ਪਹਿਲਾਂ ਅਤੇ ਚੋਣ ਦਿਨ ਤੱਕ ਖੋਲ੍ਹਣ ਦੀ ਲੋੜ ਸੀ। ਨਤੀਜੇ ਵਜੋਂ, ਚੁਣੌਤੀਆਂ ਦੇ ਬਾਵਜੂਦ, Stanislaus ਕਾਉਂਟੀ ਨੇ 12 ਬੈਲਟ ਡ੍ਰੌਪ ਬਾਕਸ ਟਿਕਾਣਿਆਂ ਨੂੰ ਸੁਰੱਖਿਅਤ ਕੀਤਾ ਅਤੇ 26 "ਸੈਟੇਲਾਈਟ ਦਫਤਰ" ਖੋਲ੍ਹੇ ਜਿਸ ਨਾਲ ਵੋਟਰਾਂ ਨੂੰ 2020 ਦੀਆਂ ਆਮ ਚੋਣਾਂ ਲਈ ਵਿਅਕਤੀਗਤ ਤੌਰ ਤੇ ਵੋਟ ਪਾਉਣ ਦਾ ਵਿਕਲਪ ਦਿੱਤਾ ਗਿਆ।

14 ਸਤੰਬਰ, 2021 ਨੂੰ ਹੋਈਆਂ California ਗਬਰਨੇਟੋਰੀਅਲ ਰੀਕਾਲ ਚੋਣ ਦੀ ਤਿਆਰੀ ਵਿੱਚ, ਅਸੈਂਬਲੀ ਬਿੱਲ 152 ਲਾਗੂ ਕੀਤਾ ਗਿਆ ਸੀ, ਜਿਸ ਨਾਲ ਕਾਉਂਟੀਆਂ ਨੂੰ VCA ਮਾਡਲ ਵਾਂਗ California ਗਬਰਨੇਟੋਰੀਅਲ ਰੀਕਾਲ ਚੋਣ ਕਰਵਾਉਣ ਦੀ ਇਜਾਜ਼ਤ ਦਿੱਤੀ ਗਈ ਸੀ। ਸਾਰੇ ਸਕ੍ਰਿਅ ਰਜਿਸਟਰਡ ਵੋਟਰਾਂ ਨੂੰ ਇੱਕ ਬੈਲਟ ਡਾਕ ਰਾਹੀਂ ਭੇਜੀ ਗਈ ਸੀ । ਡਾਕ ਰਾਹੀਂ, ਡ੍ਰੌਪ ਬਾਕਸ ਤੇ, ਜਾਂ ਵਿਅਕਤੀਗਤ ਤੌਰ ਤੇ ਵੋਟ ਪਾਉਣ ਲਈ ਵੋਟ ਕੇਂਦਰ ਤੇ ਜਾਣ ਲਈ 2020 ਦੀਆਂ ਆਮ ਚੋਣਾਂ ਵਾਂਗ, ਵੋਟਰਾਂ ਕੋਲ ਆਪਣੇ ਬੈਲਟ ਨੂੰ ਵਾਪਸ ਕਰਨ ਦੇ ਵਿਕਲਪ ਸਨ। ਇਸ ਤੋਂ ਇਲਾਵਾ, 27 ਸਤੰਬਰ, 2021 ਨੂੰ, ਅਸੈਂਬਲੀ ਬਿੱਲ 37, ਨੇ ਚੋਣ ਕੋਡ 3000.5 ਵਿੱਚ ਸੋਧ ਕੀਤੀ, ਸਾਰੀਆਂ ਕਾਉਂਟੀਆਂ ਲਈ ਹਰ ਭਵਿੱਖੀ ਚੋਣਾਂ ਤੋਂ 29 ਦਿਨ ਪਹਿਲਾਂ ਸਕ੍ਰਿਅ ਰਜਿਸਟਰਡ ਵੋਟਰਾਂ ਨੂੰ ਇੱਕ ਬੈਲਟ ਡਾਕ ਰਾਹੀਂ ਭੇਜਣ ਦੀ ਲੋੜ ਨੂੰ ਸਥਾਪਿਤ ਕੀਤਾ।

ਸੰਖੇਪ ਵਿੱਚ, Stanislaus ਕਾਉਂਟੀ ਦੇ ਵੋਟਰ ਵਿਵਹਾਰ ਵਿੱਚ ਇਹਨਾਂ ਤਾਜ਼ਾ ਵਿਧਾਨਿਕ ਤਬਦੀਲੀਆਂ ਅਤੇ ਰੁਝਾਨਾਂ ਨੇ VCA ਮਾਡਲ ਦੇ ਬਾਕਾਇਦਾ ਪਰਿਵਰਤਨ ਅਤੇ ਨਿਰੰਤਰਤਾ ਦੀ ਲੋੜ ਮਹਿਸੂਸ ਕੀਤੀ ਹੈ।

## ਕਾਰਜਕਾਰੀ ਸਾਰਾਂਸ਼




Stanislaus ਕਾਉਂਟੀ ਵੋਟਰ ਦਫ਼ਤਰ ਦੇ ਰਜਿਸਟਰਾਰ (Registrar of Voters Office, ROV) ਦਾ ਮਿਸ਼ਨ ਕਰਦਾਤਾ ਸਰੋਤਾਂ ਦੀ ਕੁਸ਼ਲ ਵਰਤੋਂ ਨਾਲ ਇਮਾਨਦਾਰੀ, ਪਹੁੰਚਯੋਗਤਾ ਅਤੇ ਪਾਰਦਰਸ਼ਤਾ ਨਾਲ ਚੋਣਾਂ ਕਰਵਾਉਣਾ ਹੈ। 2020 ਦੀਆਂ ਆਮ ਚੋਣਾਂ ਦੌਰਾਨ Stanislaus ਕਾਉਂਟੀ ਦੇ 77% ਵੋਟਰਾਂ ਨੇ ਪਹਿਲਾਂ ਹੀ ਡਾਕ ਰਾਹੀਂ ਵੋਟ (vote by mail, VBM) ਪਾਉਣ ਲਈ ਰਜਿਸਟਰਡ ਕਰਨ ਦੇ ਨਾਲ, Stanislaus ਕਾਉਂਟੀ ਨੇ ਜਨਵਰੀ 26, 2022 ਨੂੰ ਬਾਕਾਇਦਾ ਮਨਜ਼ੂਰੀ ਪ੍ਰਾਪਤ ਕਰਦੇ ਹੋਏ, 2021 ਵਿੱਚ VCA ਮਾਡਲ ਨੂੰ ਅਪਣਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ। ਕਾਉਂਟੀ ਵੱਲੋਂ ਬਾਕਾਇਦਾ ਮਨਜ਼ੂਰੀ ਲੈਣ ਤੋਂ ਬਾਅਦ, ਇਸਨੇ VCA ਮਾਡਲ ਦੀ ਪਾਲਣਾ ਕਰਦੇ ਹੋਏ ਦੋ ਸੂਬੇ ਵਿਆਪੀ ਚੋਣਾਂ ਕਰਵਾਈਆਂ ਹਨ:

- 2022 ਸੂਬੇ ਵਿਆਪੀ ਪ੍ਰਤੱਖ ਪ੍ਰਾਇਮਰੀ ਚੋਣ (ਜੂਨ 7, 2022)
- 2022 ਆਮ ਚੋਣਾਂ (ਨਵੰਬਰ 8, 2022)

ਜਨਵਰੀ 2023 ਤੱਕ, California ਵਿੱਚ 27 ਕਾਉਂਟੀਆਂ ਨੇ 2024 ਦੇ ਚੋਣ ਹੋਣ ਤੋਂ ਪਹਿਲਾਂ ਤਬਦੀਲੀ ਦੀ ਪ੍ਰਕਿਰਿਆ ਵਿੱਚ ਵਾਧੂ ਕਾਉਂਟੀਆਂ ਦੇ ਨਾਲ VCA ਮਾਡਲ ਨੂੰ ਅਪਣਾਇਆ ਹੈ।

VCA ਮਾਡਲ ਲਈ ਕਾਉਂਟੀਆਂ ਨੂੰ ਇੱਕ ਚੋਣ ਪ੍ਰਸ਼ਾਸਨ ਯੋਜਨਾ (Election Administration Plan, EAP) ਵਿਕਸਿਤ ਕਰਨ ਦੀ ਲੋੜ ਹੈ ਜੋ ਇਹ ਜਾਣਕਾਰੀ ਦਿੰਦੇ ਹੋਏ ਇਹ ਪਾਰਦਰਸ਼ਤਾ ਪ੍ਰਦਾਨ ਕਰਦੀ ਹੈ ਕਿ ਕਾਉਂਟੀ ਵੋਟਰਾਂ ਨੂੰ ਸਿੱਖਿਆ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਲੋੜਾਂ ਨੂੰ ਕਿਵੇਂ ਪੂਰਾ ਕਰੇਗੀ। ਕਾਉਂਟੀਆਂ ਨੂੰ ਦੋ ਸਾਲਾਂ ਦੀ ਮਨਜ਼ੂਰੀ ਤੋਂ ਬਾਅਦ EAP ਦੀ ਸਮੀਖਿਆ ਕਰਨ, ਸੋਧ ਕਰਨ, ਅਤੇ California ਸੂਬਾਈ ਦਫ਼ਤਰ ਦੇ ਸਕੱਤਰ (Secretary of State Office, SOS) ਨੂੰ ਮੁੜ ਜਮ੍ਹਾ ਕਰਨ ਤੋਂ ਪਹਿਲਾਂ ਇਸਨੂੰ ਜਨਤਾ ਦੇ ਸਾਹਮਣੇ ਪੇਸ਼ ਕਰਨ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ, ਭਾਈਚਾਰਕ ਸੰਸਥਾਵਾਂ ਨਾਲ ਜਨਤਕ ਮੀਟਿੰਗਾਂ ਕੀਤੀਆਂ ਜਾਣਗੀਆਂ ਜੋ ਭਾਸ਼ਾ ਅਲਪਸੰਖਿਅਕ ਸਮੂਹਾਂ ਅਤੇ ਅਪਾਹਜ ਭਾਈਚਾਰੇ ਦੀ ਵਕਾਲਤ ਅਤੇ ਪ੍ਰਤੀਨਿਧਤਾ ਕਰਦੀਆਂ ਹਨ।

EAP 2024 ਦੇ ਚੋਣਾਂ ਲਈ ਕਾਉਂਟੀ ਦੀ ਪਹੁੰਚ ਅਤੇ ਸਿੱਖਿਆ ਯੋਜਨਾ ਨੂੰ ਉਜਾਗਰ ਕਰਦਾ ਹੈ ਅਤੇ ਇਸਨੂੰ ਦੁਬਾਰਾ ਨਵਾਂ ਬਣਾਇਆ ਗਿਆ ਹੈ ਇਸ ਯੋਜਨਾ ਵਿੱਚ 2022 ਸੂਬਾ ਵਿਆਪੀ ਪ੍ਰਤੱਖ ਪ੍ਰਾਇਮਰੀ ਚੋਣ ਅਤੇ 2022 ਦੀਆਂ ਆਮ ਚੋਣਾਂ ਤੋਂ ਇਕੱਤਰ ਕੀਤੇ ਗਏ ਡੇਟਾ ਦੇ ਨਾਲ-ਨਾਲ ਭਾਈਚਾਰਕ ਸੰਸਥਾਵਾਂ, ਚੋਣ ਕਰਮਚਾਰੀਆਂ, ਵਿਭਾਗ ਦੀ ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (Language Accessibility Advisory Committee, LAAC) ਅਤੇ ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (Voting Accessibility Advisory Committee, VAAC) ਦੇ ਸਹਿਯੋਗ ਨਾਲ ਵਿਕਸਿਤ ਕੀਤੇ ਗਏ ਹੱਲ ਅਤੇ ਸੁਧਾਰ ਸ਼ਾਮਲ ਹਨ। ਇਸ ਯੋਜਨਾ ਨੂੰ ਸਮੀਖਿਆ ਅਤੇ ਮਨਜ਼ੂਰੀ ਲਈ SOS ਨੂੰ ਸੌਂਪਿਆ ਜਾਵੇਗਾ। ਹਾਲਾਂਕਿ, ਭਵਿੱਖ ਦੇ ਯਤਨਾਂ ਲਈ ਇਸ ਯੋਜਨਾ ਲਈ ਫੀਡਬੈਕ ਅਤੇ ਸਿਫਾਰਿਸ਼ਾਂ ਨੂੰ ਕਿਸੇ ਵੀ ਸਮੇਂ ਸਵੀਕਾਰ ਕੀਤਾ ਜਾਂਦਾ ਹੈ। ਇਸ EAP ਨੂੰ ਬਿਹਤਰ ਬਣਾਉਣ ਲਈ ਵਾਧੂ ਪਹੁੰਚ ਇਵੈਂਟ ਵਿਚਾਰਾਂ ਜਾਂ ਸਿਫ਼ਾਰਸ਼ਾਂ ਲਈ, ਕਿਰਪਾ ਕਰਕੇ stanvote@stancounty.com ਤੇ ਈਮੇਲ ਰਾਹੀਂ ਆਪਣਾ ਫੀਡਬੈਕ ਦਰਜ਼ ਕਰੋ।

# ਵਿਸ਼ਾ ਵਸਤੂ


ਵੋਟਰ ਚੁਆਇਸ ਐਕਟ ਦਾ ਪਿਛੋਕੜ (ਚੋਣ ਕੋਡ §4005) ..... II
ਕਾਰਜਕਾਰੀ ਸਾਰਾਂਸ਼ ..... III
ਸੈਕਸ਼ਨ I - ਵੋਟ ਕੇਂਦਰ ..... 1
A. ਵੋਟ ਕੇਂਦਰਾਂ ਦੇ ਟਿਕਾਣੇ ..... 1
B. ਵੋਟ ਕੇਂਦਰਾਂ ਦੀ ਕੁੱਲ ਸੰਖਿਆ ..... 2
C. ਵੋਟ ਕੇਂਦਰਾਂ ਤੇ ਭਾਸ਼ਾ ਸਹਾਇਤਾ ਉਪਲਬਧ ਹੈ ..... 4
D. ਪਹੁੰਚਯੋਗ ਸੇਵਾਵਾਂ ਵੋਟ ਕੇਂਦਰਾਂ ਤੇ ਉਪਲਬਧ ਹਨ ..... 5
E. ਵੋਟ ਕੇਂਦਰਾਂ ਲਈ ਸਟਾਫ਼ ਦੀ ਭਰਤੀ ..... 5
F. ਵੋਟ ਕੇਂਦਰਾਂ ਦਾ ਡਿਜ਼ਾਈਨ ਅਤੇ ਲੇਆਉਟ ..... 6
G. ਵੋਟ ਕੇਂਦਰ ਦੀ ਸੁਰੱਖਿਆ ..... 7
H ਰੋਕਥਾਮ ਦੇ ਉਪਾਅ ਅਤੇ ਸੰਭਾਵੀ ਰੁਕਾਵਟਾਂ ..... 7
ਸੈਕਸ਼ਨ II - ਬੈਲਟ ਡ੍ਰੌਪ-ਔਫ਼ ਬੌਕਸ ਦੇ ਟਿਕਾਣੇ ..... 8
A. ਬੈਲਟ ਡ੍ਰੌਪ-ਔਫ਼ ਬੌਕਸ ਦੇ ਟਿਕਾਣਿਆਂ ਦੇ ਕੰਮਕਾਜੀ ਘੰਟੇ ..... 8
B. ਡ੍ਰੌਪ ਬਾਕਸ ਦੀ ਕੁੱਲ ਸੰਖਿਆ ..... 9
C. ਬੈਲਟ ਡ੍ਰੌਪ ਬਾਕਸ ਦੇ ਟਿਕਾਣੇ ..... 9
D. ਬੈਲਟ ਡ੍ਰੌਪ ਬਾਕਸ ਦੀ ਸੁਰੱਖਿਆ ..... 13
ਸੈਕਸ਼ਨ III - ਵੋਟਰ ਸੇਵਾਵਾਂ ..... 13
A. ਭਾਸ਼ਾ ਸਬੰਧਤ ਸਹਾਇਤਾ ..... 13
B. ਪਹੁੰਚਯੋਗਤਾ ਲੋੜਾਂ ਵਾਲੇ ਵੋਟਰਾਂ ਲਈ ਸੇਵਾਵਾਂ ..... 14
ਸੈਕਸ਼ਨ IV - ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ ..... 15
A. ਭਾਈਚਾਰਕ ਸਬੰਧ ..... 16
B. ਪਹੁੰਚ ਅਤੇ ਸਿੱਖਿਆ ਦੇ ਯਤਨ ..... 18
C. ਮੀਡੀਆ ਅਤੇ ਜਨਤਕ ਸੇਵਾ ਐਲਾਨ ..... 21
ਸੈਕਸ਼ਨ VIII - VCA ਲਾਗਤਾਂ, ਬੱਚਤਾਂ ਅਤੇ ਨਤੀਜੇ ..... 22
ਅੰਤਿਕਾਵਾਂ ..... 26
ਅੰਤਕਾ A ..... 26
ਅੰਤਕਾ B ..... 27
ਅੰਤਕਾ C ..... 29
ਅੰਤਕਾ D ..... 30

# ਸੈਕਸ਼ਨ I - ਵੋਟ ਕੇਂਦਰ

Stanislaus ਕਾਉਂਟੀ ਦੇ ਵੋਟਰਾਂ ਨੂੰ ਕਿਸੇ ਵੋਟ ਕੇਂਦਰ ਲਈ ਨਿਯੁਕਤ ਨਹੀਂ ਕੀਤਾ ਜਾਂਦਾ ਹੈ, ਜਿਸ ਨਾਲ ਵੋਟਰਾਂ ਨੂੰ ਸਭ ਤੋਂ ਸੁਵਿਧਾਜਨਕ ਕਿਸੇ ਵੀ ਸਾਈਟ ਤੇ ਜਾਣ ਦੀ ਇਜਾਜ਼ਤ ਮਿਲਦੀ ਹੈ। ਵੋਟ ਕੇਂਦਰ ਦੇ ਕਰਮਚਾਰੀਆਂ ਕੋਲ ਇਹ ਯਕੀਨੀ ਬਣਾਉਣ ਲਈ ਲੋੜੀਂਦੇ ਸਰੋਤ ਹੋਣਗੇ ਕਿ ਹਰੇਕ ਵਿਅਕਤੀ ਰਜਿਸਟਰਡ ਹੈ ਅਤੇ ਉਹਨਾਂ ਮੁਕਾਬਲਿਆਂ ਦੇ ਨਾਲ ਬੈਲਟ ਪ੍ਰਾਪਤ ਕਰਦਾ ਹੈ ਜੋ ਉਹ ਰਿਹਾਇਸ਼ ਦੇ ਅਧਾਰ ਤੇ ਵੋਟ ਪਾਉਣ ਦੇ ਯੋਗ ਹਨ। ਵੋਟ ਕੇਂਦਰਾਂ ਤੇ, ਵਿਅਕਤੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ:

- ਵਿਅਕਤੀਗਤ ਤੌਰ ਤੇ ਵੋਟ ਪਾਓ।
- ਪਹਿਲੀ ਵਾਰ ਰਜਿਸਟਰ ਕਰੋ ਅਤੇ ਅਸਥਾਈ ਤੌਰ ਤੇ ਵੋਟ ਪਾਉਣ ਦੀ ਲੋੜ ਤੋਂ ਬਿਨਾਂ ਬੈਲਟ ਪ੍ਰਾਪਤ ਕਰੋ।
- ਮੌਜੂਦਾ ਵੋਟਰ ਰਜਿਸਟ੍ਰੇਸ਼ਨ ਨੂੰ ਅੱਪਡੇਟ ਕਰੋ ਅਤੇ ਇੱਕ ਬੈਲਟ ਪ੍ਰਾਪਤ ਕਰੋ।
- ਇੱਕ ਸਹਾਇਕ ਬੈਲਟ ਮਾਰਕਿੰਗ ਡਿਵਾਇਸ ਦੀ ਵਰਤੋਂ ਕਰੋ।
- ਘਰ ਦੇ ਕਿਸੇ ਸੱਦਸ ਜਾਂ ਪਰਿਵਾਰਕ ਸੱਦਸ ਲਈ ਬੈਲਟ ਪ੍ਰਾਪਤ ਕਰੋ।
- ਅੱਸ਼ੂਰੀਆਂ (ਸੀਰੀਆਕ), ਖਮੇਰ ਅਤੇ ਪੰਜਾਬੀ ਵਿੱਚ ਇੱਕ ਪ੍ਰਤੀਰੂਪ ਬੈਲਟ (ਅਧਿਕਾਰਤ ਬੈਲਟ ਦੀ ਅਨੁਵਾਦਿਤ ਕਾਪੀ) ਦੀ ਬੇਨਤੀ ਕਰੋ।
- ਉਹਨਾਂ ਦੀ ਪੂਰੀ ਹੋਈ ਵੋਟ ਡਾਕ ਬੈਲਟ ਤੇ ਪਾਉ।

ਹਰੇਕ ਚੋਣ ਤੋਂ ਪਹਿਲਾਂ, ਹਰੇਕ ਰਜਿਸਟਰਡ ਵੋਟਰ ਨੂੰ ਡਾਕ ਰਾਹੀਂ ਭੇਜੀ ਗਈ Stanislaus ਕਾਉਂਟੀ ਵੋਟਰ ਜਾਣਕਾਰੀ ਗਾਈਡ ਵਿੱਚ ਸਾਰੇ ਵੋਟ ਕੇਂਦਰਾਂ ਦੀ ਸੂਚੀ, ਪਤੇ ਅਤੇ ਕੰਮ ਦੇ ਘੰਟਿਆਂ ਦੀ ਸੂਚੀ www.stanvote.com ਤੇ ਪੋਸਟ ਕੀਤੀ ਜਾਵੇਗੀ ਅਤੇ ਛਾਪੀ ਜਾਵੇਗੀ। ਇਸ ਤੋਂ ਇਲਾਵਾ, www.stanvote.com ਤੇ ਵੋਟਰ ਸੇਵਾਵਾਂ ਦਾ ਨਕਸ਼ਾ ਉਪਲਬਧ ਕਰਵਾਇਆ ਜਾਵੇਗਾ, ਜਿਸ ਨਾਲ ਵੋਟਰ ਨਕਸ਼ੇ ਤੇ ਨਜ਼ਦੀਕੀ ਵੋਟ ਕੇਂਦਰ ਜਾਂ ਡ੍ਰੌਪ ਬਾਕਸ ਸਥਾਨ ਦੀ ਖੋਜ ਕਰ ਸਕਣਗੇ। ਅੰਤ ਵਿੱਚ, ਸਾਰੇ ਵੋਟਿੰਗ ਸਥਾਨਾਂ ਨੂੰ ਹਰੇਕ ਸਕ੍ਰਿਅ ਰਜਿਸਟਰਡ ਵੋਟਰਾਂ ਨੂੰ ਸਿੱਧੇ ਡਾਕ ਰਾਹੀਂ ਭੇਜੇ ਗਏ ਇੱਕ ਪੋਸਟਕਾਰਡ ਤੇ ਵੀ ਸੂਚੀਬੱਧ ਕੀਤਾ ਜਾਵੇਗਾ। ਅੰਤਿਕਾ B 2022 ਦੀਆਂ ਆਮ ਚੋਣਾਂ ਲਈ ਵੋਟਰਾਂ ਨੂੰ ਡਾਕ ਰਾਹੀਂ ਭੇਜੇ ਗਏ ਪੋਸਟਕਾਰਡ ਨੂੰ ਦਿਖਾਉਂਦਾ ਹੈ।

## A. ਵੋਟ ਕੇਂਦਰਾਂ ਦੇ ਟਿਕਾਣੇ

§4005(a)(10)(I)(vi)(I)
ਸਭ ਤੋਂ ਤਾਜ਼ਾ ਉਪਲਬਧ ਜਨਗਣਨਾ ਅਤੇ ਮੌਜੂਦਾ ਰਜਿਸਟ੍ਰੇਸ਼ਨ ਤੋਂ ਇਕੱਤਰ ਕੀਤੇ ਡੇਟਾ ਦੀ ਵਰਤੋਂ ਕਰਦੇ ਹੋਏ, Stanislaus ਕਾਉਂਟੀ ਵੋਟਰ ਲਈ ਰਜਿਸਟਰਾਰ ਦੇ ਦਫ਼ਤਰ (ROV ਦਫ਼ਤਰ) ਵੋਟ ਕੇਂਦਰ ਅਤੇ ਡ੍ਰੌਪ ਬਾਕਸ ਟਿਕਾਣਿਆਂ ਨੂੰ ਨਿਰਧਾਰਤ ਕਰਨ ਲਈ ਹੇਠਾਂ ਦਿੱਤੇ ਮਾਪਦੰਡਾਂ ਦੀ ਵਰਤੋਂ ਕਰਨਾ ਜਾਰੀ ਰੱਖੇਗਾ:

- ਜਨਤਕ ਆਵਾਜਾਈ ਦੇ ਨੇੜੇ ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਟਿਕਾਣਾ।
- ਡਾਕ ਦੁਆਰਾ ਇਤਿਹਾਸਿਕ ਤੌਰ 'ਤੇ ਘੱਟ ਵੋਟ ਵਾਲੇ ਭਾਈਚਾਰਿਆਂ ਲਈ ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਸਥਾਨ ਨੇੜਤਾ।
- ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਟਿਕਾਣਿਆਂ ਦੀ ਆਬਾਦੀ ਕੇਂਦਰਾਂ ਨਾਲ ਨੇੜਤਾ।
- ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਟਿਕਾਣੇ ਦੀ ਭਾਸ਼ਾ ਘੱਟ ਗਿਣਤੀ ਭਾਈਚਾਰਿਆਂ ਨਾਲ ਨੇੜਤਾ।
- ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਟਿਕਾਣੇ ਦੀ ਅਪਾਹਜਤਾ ਵਾਲੇ ਵੋਟਰਾਂ ਨਾਲ ਨੇੜਤਾ।
- ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਟਿਕਾਣੇ ਦੀ ਘਰੇਲੂ ਵਾਹਨ ਦੀ ਮਾਲਕੀਅਤ ਦੇ ਘੱਟ ਦਰਾਂ ਵਾਲੇ ਭਾਈਚਾਰਿਆਂ ਨਾਲ ਨੇੜਤਾ।
- ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਟਿਕਾਣੇ ਦੀ ਘੱਟ-ਆਮਦਨੀ ਵਾਲੇ ਭਾਈਚਾਰਿਆਂ ਨਾਲ ਨੇੜਤਾ।

- ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਟਿਕਾਣੇ ਦੀ ਉਹਨਾਂ ਯੋਗ ਵੋਟਰਾਂ ਦੇ ਭਾਈਚਾਰਿਆਂ ਨਾਲ ਨੇੜਤਾ, ਜੋ ਵੋਟ ਪਾਉਣ ਲਈ ਰਜਿਸਟਰਡ ਨਹੀਂ ਹਨ ਅਤੇ ਉਹਨਾਂ ਨੂੰ ਉਸੇ ਦਿਨ ਵੋਟਰ ਰਜਿਸਟ੍ਰੇਸ਼ਨ ਤੱਕ ਪਹੁੰਚ ਦੀ ਜ਼ਰੂਰਤ ਹੋ ਸਕਦੀ ਹੈ।
- ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਟਿਕਾਣੇ ਦੀ ਭੂਗੋਲਿਕ ਤੌਰ 'ਤੇ ਅਲੱਗ-ਥਲੱਗ ਆਬਾਦੀ ਨਾਲ ਨੇੜਤਾ , ਜਿਹਨਾਂ ਵਿੱਚ ਕਿ ਮੂਲ ਅਮਰੀਕੀ ਰਿਜ਼ਰਵੇਸ਼ਨਾਂ ਵੀ ਸ਼ਾਮਲ ਹਨ।
- ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ-ਆਫ਼ 'ਤੇ ਪਹੁੰਚਯੋਗ ਅਤੇ ਮੁਫ਼ਤ ਪਾਰਕਿੰਗ ਤੱਕ ਪਹੁੰਚ।
- ਦੂਰੀ ਅਤੇ ਸਮਾਂ ਇੱਕ ਵੋਟਰ ਨੂੰ ਕਾਰ ਜਾਂ ਜਨਤਕ ਆਵਾਜਾਈ ਦੁਆਰਾ ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਟਿਕਾਣੇ ਤੱਕ ਜਾਣਾ ਚਾਹੀਦਾ ਹੈ।
- ਅਪਾਹਜਤਾ ਵਾਲੇ ਵੋਟਰਾਂ ਲਈ ਵਿਕਲਪਿਕ ਤਰੀਕਿਆਂ ਦੀ ਜ਼ਰੂਰਤ ਜਿਨ੍ਹਾਂ ਲਈ ਕਿ ਮੇਲ ਬੈਲਟ ਦੁਆਰਾ ਵੋਟ ਪਾਉਣਾ ਪਹੁੰਚਯੋਗ ਨਹੀਂ ਹੈ।
- ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ-ਆਫ਼ ਟਿਕਾਣਿਆਂ ਦੇ ਨੇੜੇ ਟ੍ਰੈਫਿਕ ਪੈਟਰਨ।
- ਇਸ ਸੈਕਸ਼ਨ ਦੇ ਅਨੁਸਾਰ ਸਥਾਪਿਤ ਕੀਤੇ ਗਏ ਵੋਟ ਕੇਂਦਰਾਂ ਦੀ ਗਿਣਤੀ ਤੋਂ ਇਲਾਵਾ ਮੋਬਾਈਲ ਵੋਟ ਕੇਂਦਰਾਂ ਦੀ ਜ਼ਰੂਰਤ।

ਇਸ EAP ਦੇ ਪ੍ਰਕਾਸ਼ਨ ਦੌਰਾਨ, 2024 ਦੇ ਚੋਣਾਂ ਲਈ ਵੋਟ ਕੇਂਦਰ ਟਿਕਾਣਿਆਂ ਦੀ ਖੋਜ ਜਾਰੀ ਹੈ। ਕਾਉਂਟੀ ਦੇ ਬਜਟ ਦੇ ਅੰਦਰ ਕਿਰਾਏ ਦੀਆਂ ਫੀਸਾਂ ਦੇ ਨਾਲ ਲੋੜੀਂਦੇ ਦਿਨਾਂ ਦੀ ਗਿਣਤੀ ਲਈ ਉਪਲਬਧ ਸਾਈਟਾਂ ਨੂੰ ਲੱਭਣ ਵਿੱਚ ਚੁਣੌਤੀਆਂ ਦੇ ਕਾਰਨ ਵੋਟ ਕੇਂਦਰ ਦੇ ਟਿਕਾਣਿਆਂ ਲਈ ਪਹੁੰਚ ਛੇਤੀ ਸ਼ੁਰੂ ਹੋ ਜਾਂਦੀ ਹੈ। ROV ਦਫ਼ਤਰ ਵੋਟਰਾਂ ਲਈ ਸੁਵਿਧਾਜਨਕ ਵੋਟ ਕੇਂਦਰਾਂ ਦੀ ਸਥਾਪਨਾ ਲਈ ਹੋਰ ਕਾਉਂਟੀ ਵਿਭਾਗਾਂ, ਸਿਟੀ ਕਲਰਕਾਂ, Stanislaus ਕਾਉਂਟੀ ਸਿੱਖਿਆ ਦਫ਼ਤਰ ਅਤੇ ਵੱਖ-ਵੱਖ ਭਾਈਚਾਰਕ ਸੰਸਥਾਵਾਂ ਨਾਲ ਸਹਿਯੋਗ ਕਰਨਾ ਜਾਰੀ ਰੱਖੇਗਾ।

ਸੰਭਾਵੀ ਵੋਟ ਕੇਂਦਰਾਂ ਦੀਆਂ ਸਾਈਟਾਂ ਦਾ ਸਰਵੇਖਣ ਕਰਦੇ ਸਮੇਂ, ਵੋਟ ਕੇਂਦਰ ਸੇਵਾਵਾਂ ਨੂੰ ਯਕੀਨੀ ਬਣਾਉਣ ਲਈ ਥਾਂ ਦੀ ਮਾਤਰਾ ਦੀ ਸਮੀਖਿਆ ਕੀਤੀ ਜਾਂਦੀ ਹੈ ਅਤੇ ਵੋਟਿੰਗ ਉਪਕਰਣਾਂ ਦੇ ਕਦਮਾਂ ਨੂੰ ਢੁਕਵਾਂ ਸਮਰਥਨ ਦਿੱਤਾ ਜਾ ਸਕਦਾ ਹੈ। ROV ਦਫਤਰ ਅਮਰੀਕੀ ਅਪਾਹਜਤਾ ਐਕਟ (Americans with Disabilities Act, ADA), ਪਾਰਕਿੰਗ ਦੀ ਮਾਤਰਾ ਅਤੇ ਭਰੋਸੇਯੋਗ ਬਿਜਲੀ ਸਪਲਾਈ ਦੀ ਪਾਲਣਾ ਲਈ ਹਰੇਕ ਸਾਈਟ ਦਾ ਮੁਲਾਂਕਣ ਕਰਦਾ ਹੈ। ਕਾਉਂਟੀ ਦੇ Modesto ਸ਼ਹਿਰ, Ceres ਸ਼ਹਿਰ, Turlock ਸ਼ਹਿਰ, Oakdale ਸ਼ਹਿਰ, Newman ਸ਼ਹਿਰ, Patterson ਸ਼ਹਿਰ, Hughson ਸ਼ਹਿਰ, Riverbank ਸ਼ਹਿਰ, Waterford ਸ਼ਹਿਰ ਅਤੇ Salida, Denair, Keyes ਅਤੇ Empire ਦੇ ਗੈਰ-ਸੰਗਠਿਤ ਭਾਈਚਾਰੇ ਵਿੱਚ ਜਾਣੇ-ਪਛਾਣੇ ਅਤੇ ਪੂਰੀ ਤਰ੍ਹਾਂ ਪਹੁੰਚਯੋਗ ਸੁਵਿਧਾਵਾਂ ਵਿੱਚ ਵੋਟ ਕੇਂਦਰਾਂ ਦਾ ਪਤਾ ਲਗਾਉਣਾ ROV ਦਫਤਰ ਦਾ ਟੀਚਾ। 2024 ਦੀਆਂ ਰਾਸ਼ਟਰਪਤੀ ਪ੍ਰਾਇਮਰੀ ਚੋਣਾਂ ਅਤੇ 2024 ਦੀਆਂ ਆਮ ਚੋਣਾਂ ਦੋਵਾਂ ਵਿੱਚ ਜਿੰਨਾ ਸੰਭਵ ਹੋ ਸਕੇ ਵੋਟ ਕੇਂਦਰਾਂ ਨੂੰ ਇਕਸਾਰ ਰੱਖਣਾ ROV ਦਫ਼ਤਰ ਦਾ ਸਭ ਤੋਂ ਵਧੀਆ ਅਭਿਆਸ ਹੈ।

## B. **ਵੋਟ ਕੇਂਦਰਾਂ ਦੀ ਕੁੱਲ ਸੰਖਿਆ**

§4005(a)(10)(I)(vi)(I)

ਰਜਿਸਟਰਡ ਵੋਟਰਾਂ ਦੀ ਸੰਖਿਆ ਦੇ ਆਧਾਰ ਤੇ, ROV ਦਫ਼ਤਰ ਨੂੰ ਘੱਟੋ-ਘੱਟ 6 ਵੋਟ ਕੇਂਦਰ ਸਥਾਪਤ ਕਰਨ ਦੀ ਲੋੜ ਹੈ ਜੋ ਕਿ ਚੋਣ ਹੋਣ ਵਾਲੇ ਦਿਨ ਤੋਂ 10 ਦਿਨ ਪਹਿਲਾਂ ਤੋਂ ਸ਼ੁਰੂ ਹੋ ਕੇ, ਪੂਰੇ ਹਫ਼ਤੇ ਲਈ ਅਤੇ ਚੋਣ ਵਾਲੇ ਦਿਨ ਤੱਕ, ਹਰ ਰੋਜ਼ ਘੱਟ ਤੋਂ ਘੱਟ 8 ਘੰਟੇ ਲਈ ਖੁੱਲ੍ਹਾ ਰਹੇ। ਕੁੱਲ 29 ਵੋਟ ਕੇਂਦਰ ਚੋਣ ਦਿਨ ਤੋਂ 3 ਦਿਨ ਪਹਿਲਾਂ ਸ਼ੁਰੂ ਹੋ ਕੇ ਪੂਰੇ ਹਫ਼ਤੇਲਈ ਅੰਤ ਤੱਕ ਅਤੇ ਚੋਣ ਦਿਨ ਤੱਕ ਘੱਟ ਤੋਂ ਘੱਟ 8 ਘੰਟੇ ਪ੍ਰਤੀ ਦਿਨ ਖੋਲ੍ਹੇ ਜਾਣੇ ਚਾਹੀਦੇ ਹਨ। ਚੋਣਾਂ ਵਾਲੇ ਦਿਨ, ਕਾਨੂੰਨ ਅਨੁਸਾਰ ਲੋੜ ਅਨੁਸਾਰ ਸਾਰੇ ਵੋਟ ਕੇਂਦਰ ਸਵੇਰੇ 7:00 ਵਜੇ ਤੋਂ ਸ਼ਾਮ 8:00 ਵਜੇ ਤੱਕ ਖੁੱਲ੍ਹੇ ਰਹਿਣਗੇ।

ਹੇਠਾਂ ਦਿੱਤੇ ਨਕਸ਼ੇ 2022 ਸੂਬੇ ਵਿਆਪੀ ਪ੍ਰਤੱਖ ਪ੍ਰਾਇਮਰੀ ਚੋਣ ਅਤੇ 2022 ਆਮ ਚੋਣਾਂ ਲਈ ਸਥਾਪਿਤ ਕੀਤੇ ਗਏ ਹਰੇਕ ਵੋਟ ਕੇਂਦਰ ਤੇ ਮਤਦਾਨ ਦੇ ਪੱਧਰ ਨੂੰ ਦਰਸ਼ਾਉਂਦੇ ਹਨ। ROV ਦਫ਼ਤਰ ਨੇ ਪਿਛਲੀਆਂ ਚੋਣਾਂ ਵਿੱਚ ਵੋਟ ਕੇਂਦਰਾਂ ਦੇ ਆਸ-ਪਾਸ ਜਾਂ ਨੇੜੇ ਜਿੱਥੇ ਵੀ ਸੰਭਵ ਹੋਵੇ ਉਸੇ ਸੁਵਿਧਾਵਾਂ ਤੇ ਵੋਟ ਕੇਂਦਰ ਸਥਾਪਤ ਕਰਨ ਦੀ ਯੋਜਨਾ ਬਣਾਈ ਹੈ। ਇਸ ਤੋਂ ਇਲਾਵਾ, ਇਕੱਤਰ ਕੀਤੇ ਡੇਟਾ ਦੇ ਮੱਦੇਨਜ਼ਰ, ROV ਦਫਤਰ ਦਾ ਟੀਚਾ ਲੋੜਾਂ ਤੋਂ ਵੱਧਣਾ ਅਤੇ 32 ਵੋਟ ਕੇਂਦਰ ਸਥਾਪਤ ਕਰਨਾ ਹੈ। ਹਾਲਾਂਕਿ 2022 ਦੀਆਂ ਆਮ ਚੋਣਾਂ ਵਿੱਚ ਇੱਕ ਵੋਟ ਕੇਂਦਰ ਵਿੱਚ ਲਗਭਗ ਸਿਰਫ 8% ਨੇ ਵੋਟ ਪਾਈ, 3 ਵਾਧੂ ਸਾਈਟਾਂ

Modesto, Patterson ਅਤੇ Turlock ਵਿੱਚ ਵੋਟ ਕੇਂਦਰਾਂ ਤੇ ਵੋਟਰਾਂ ਦੇ ਟ੍ਰੈਫਿਕ ਨੂੰ ਸੰਤੁਲਿਤ ਕਰਨ ਵਿੱਚ ਮਦਦ ਕਰਨਗੀਆਂ, ਜਿਸ ਨਾਲ ਚੋਣ ਵਾਲੇ ਦਿਨ ਵੋਟਰਾਂ ਦੀ ਉਡੀਕ ਦਾ ਸਮਾਂ ਘਟੇਗਾ। ਇਸ ਵਿਸਥਾਰ ਲਈ ਵਾਧੂ ਵੋਟਿੰਗ ਉਪਕਰਣ ਖਰੀਦਣ ਦੀ ਲੋੜ ਪਵੇਗੀ।




| 2022 ਰਾਜ ਵਿਆਪੀ ਪ੍ਰਾਇਮਰੀ ਚੋਣ ਵੋਟ ਕੇਂਦਰ | |
|---|---|
| VC-01 | Carroll Fowler Elementary School |
| VC-02 | Ceres American Legion Hall |
| VC-03 | Denair Senior Center |
| VC-04 | Empire Library |
| VC-05 | United Samaritans Foundation Community Center |
| VC-06 | Keyes Community Center |
| VC-07 | American Legion Hall |
| VC-08 | Century Center |
| VC-09 | Freedom Elementary School |
| VC-10 | Girl Scouts Modesto Office |
| VC-11 | Grace Davis High School |
| VC-12 | King-Kennedy Memorial Center |
| VC-13 | Mancini Hall Senior Center |
| VC-14 | Martin G. Petersen Event Center |
| VC-15 | Modesto Csa Stanworks |
| VC-16 | Modesto Junior College West Campus |
| VC-17 | Stanislaus Veterans Center |
| VC-18 | L.J. Newman Memorial Building |
| VC-19 | Gene Bianchi Community Center |
| VC-20 | Stanislaus Culinary Arts Institute |
| VC-21 | Patterson Library |
| VC-22 | St. Frances Of Rome Church |
| VC-23 | Telecontact Resource Services |
| VC-24 | Salida Library |
| VC-25 | Assyrian American Civic Club |
| VC-26 | Hampton Inn By Hilton - Turlock |
| VC-27 | Turlock CSA South County Service Center |
| VC-28 | Turlock Senior Center |
| VC-29 | Waterford Community Center |

| 2022 ਆਮ ਚੋਣ ਵੋਟ ਕੇਂਦਰ | |
|---|---|
| VC-01 | Ceres American Legion Hall |
| VC-02 | Hanline Elementary School |
| VC-03 | Denair Senior Center |
| VC-04 | Empire Library |
| VC-05 | United Samaritans Foundation Community Center |
| VC-06 | Keyes Community Center |
| VC-07 | Casa De Modesto |
| VC-08 | Century Center |
| VC-09 | Grace Davis High School |
| VC-10 | Hope Commons |
| VC-11 | King-Kennedy Memorial Center |
| VC-12 | Mancini Hall Senior Center |
| VC-13 | Martin G. Petersen Event Center |
| VC-14 | Modesto Csa Stanworks |
| VC-15 | Modesto Junior College West Campus |
| VC-16 | Stanislaus Veterans Center |
| VC-17 | Veterans Of Foreign Wars Modesto Post 3199 |
| VC-18 | L.J. Newman Memorial Building |
| VC-19 | Gene Bianchi Community Center |
| VC-20 | Stanislaus Culinary Arts Institute |
| VC-21 | Patterson Library |
| VC-22 | Riverbank Teen Center |
| VC-23 | St. Frances Of Rome Church |
| VC-24 | Salida Library |
| VC-25 | Comfort Suites - Turlock, |
| VC-26 | Hampton Inn By Hilton - Turlock |
| VC-27 | Turlock CSA South County Service Center |
| VC-28 | Turlock Library |
| VC-29 | Waterford Community Center |




## C. ਵੋਟ ਕੇਂਦਰਾਂ ਤੇ ਭਾਸ਼ਾ ਸਹਾਇਤਾ ਉਪਲਬਧ ਹੈ

ਵੋਟ ਕੇਂਦਰਾਂ ਤੇ ਦੋਭਾਸ਼ੀ ਚੋਣ ਕਰਮਚਾਰੀ ਉਹਨਾਂ ਭਾਸ਼ਾਵਾਂ ਨੂੰ ਦਰਸ਼ਾਉਣ ਲਈ ਬਟਨ ਪਾਉਂਦੇ ਹਨ ਜੋ ਉਹ ਬੋਲਦੇ ਹਨ। ਬਟਨ ਸਪੇਨੀ, ਅੱਸ਼ੂਰੀਆਂ (ਸੀਰੀਅਕ), ਖਮੇਰ ਅਤੇ ਪੰਜਾਬੀ ਵਿੱਚ "ਮੈਂ ________________ ਬੋਲ ਰਿਹਾ ਹਾਂ" ਬੋਲਦਾ ਹੈ। ਜੇਕਰ ਕੋਈ ਦੋਭਾਸ਼ੀ ਚੋਣ ਕਰਮਚਾਰੀ ਮੌਜੂਦ ਨਹੀਂ ਹੈ, ਤਾਂ ਹਰੇਕ ਵੋਟ ਕੇਂਦਰ ਤੇ ਇੱਕ ਫ਼ੋਨ ਦੁਭਾਸ਼ੀਏ ਦੀ ਸੇਵਾ ਵੀ ਉਪਲਬਧ ਹੈ। ਇਹ ਸੇਵਾ California ਸੂਬਾ ਸਕੱਤਰ ਦੁਆਰਾ ਪੇਸ਼ ਕੀਤੀ ਜਾਂਦੀ ਹੈ।

ਚੋਣ ਕਮਿਸ਼ਨ (Election Commission, EC) 14282 ਦੇ ਅਨੁਸਾਰ, ਵੋਟਰਾਂ ਨੂੰ ਇੱਕ ਬੈਲਟ ਮਾਰਕ ਕਰਨ ਵਿੱਚ ਸਹਾਇਤਾ ਲਈ ਦੋ ਲੋਕਾਂ ਤੱਕ ਦੀ ਇਜਾਜ਼ਤ ਹੈ। ਭਾਸ਼ਾ ਸਹਾਇਤਾ ਦੀ ਲੋੜ ਵਾਲੇ ਵੋਟਰ, ਵੋਟ ਕੇਂਦਰ ਤੇ ਸਹਾਇਤਾ ਲਈ ਪਰਿਵਾਰ ਦੇ ਕਿਸੇ ਸੱਦਸ ਜਾਂ ਦੋਸਤ ਨੂੰ ਲਿਆ ਸਕਦੇ ਹਨ।

ਅਧਿਕਾਰਤ ਬੈਲਟ ਦੀ ਇੱਕ ਅਨੁਵਾਦਿਤ ਕਾਪੀ ਜਿਸ ਨੂੰ ਅੱਸ਼ੂਰੀਆਂ (ਸੀਰੀਆਕ), ਖਮੇਰ ਅਤੇ ਪੰਜਾਬੀ ਵਿੱਚ "ਪ੍ਰਤੀਰੂਪ ਬੈਲਟ" ਕਿਹਾ ਜਾਂਦਾ ਹੈ, ਹਰੇਕ ਵੋਟ ਕੇਂਦਰ ਤੇ ਵੀ ਉਪਲਬਧ ਹੈ। ਇੱਕ ਅਨੁਵਾਦਿਤ ਚਿੰਨ੍ਹ ਵੋਟਰਾਂ ਨੂੰ ਪ੍ਰਤੀਰੂਪ ਬੈਲਟ ਦੀ ਉਪਲਬਧਤਾ ਬਾਰੇ ਸੂਚਿਤ ਕਰਨ ਲਈ ਪੋਸਟ ਕੀਤਾ ਜਾਂਦਾ ਹੈ ਅਤੇ ਪ੍ਰਤਿਰੂਪ ਬੈਲਟ ਦੀਆਂ ਕਾਪੀਆਂ ਵੀ ਪੋਸਟ ਕੀਤੀਆਂ ਜਾਂਦੀਆਂ ਹਨ। Stanislaus ਕਾਉਂਟੀ ਚੋਣਾਂ ਵਿੱਚ ਅਧਿਕਾਰਤ ਬੈਲਟ ਅੰਗਰੇਜ਼ੀ ਅਤੇ ਸਪੇਨੀ ਭਾਸ਼ਾ ਵਿੱਚ ਪ੍ਰਦਾਨ ਕੀਤੇ ਜਾਂਦੇ ਹਨ। ਅੱਸ਼ੂਰੀਆਂ (ਸੀਰੀਆਕ), ਖਮੇਰ ਅਤੇ ਪੰਜਾਬੀ ਵਿੱਚ ਪੇਸ਼ ਕੀਤੀ ਗਈ ਹੋਰ ਵੋਟਿੰਗ ਸਮੱਗਰੀ ਵਿੱਚ California ਸੂਬਾ ਸਕੱਤਰ ਦੁਆਰਾ ਤਿਆਰ ਕੀਤੀ ਗਈ ਸੂਬਾ ਵੋਟਰ ਜਾਣਕਾਰੀ ਗਾਈਡ ਸ਼ਾਮਲ ਹੈ।

## D. ਪਹੁੰਚਯੋਗ ਸੇਵਾਵਾਂ ਵੋਟ ਕੇਂਦਰਾਂ ਤੇ ਉਪਲਬਧ ਹਨ

§4005(a)(10)(I)(vi)(X)

ਅਮਰੀਕੀ ਅਪਾਹਜਤਾ ਐਕਟ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਲਈ ਹਰੇਕ ਵੋਟ ਕੇਂਦਰ ਦਾ ਸਰਵੇਖਣ ਕੀਤਾ ਜਾਂਦਾ ਹੈ। ਇਸ ਵਿੱਚ ਪਾਰਕਿੰਗ ਸਥਾਨ ਦਾ ਸਰਵੇਖਣ ਅਤੇ ਇਹ ਯਕੀਨੀ ਬਣਾਉਣਾ ਸ਼ਾਮਲ ਹੈ ਕਿ ਉੱਥੇ ਪਹੁੰਚਯੋਗ ਪਾਰਕਿੰਗ ਥਾਂਵਾਂ ਹਨ।

ਚੋਣ ਕਲਰਕਾਂ ਅਤੇ ਵਲੰਟੀਅਰਾਂ ਨੂੰ ਇੱਕ ਵੋਟ ਕੇਂਦਰ ਵਿੱਚ ਸੇਵਾ ਕਰਨ ਤੋਂ ਪਹਿਲਾਂ ਸਿਖਲਾਈ ਵਿੱਚ ਸ਼ਾਮਲ ਹੋਣ ਦੀ ਜ਼ਰੂਰਤ ਹੁੰਦੀ ਹੈ। ਸਿਖਲਾਈ ਵਿੱਚ ਅਪਾਹਜਤਾ ਸੰਵੇਦਨਸ਼ੀਲਤਾ ਅਤੇ ਸਹਾਇਕ ਬੈਲਟ ਮਾਰਕਿੰਗ ਡਿਵਾਇਸ ਦੀ ਵਰਤੋਂ ਨਾਲ ਵੋਟਰਾਂ ਦੀ ਵਰਤੋਂ ਅਤੇ ਸਹਾਇਤਾ ਕਰਨ ਬਾਰੇ ਸਿਖਲਾਈ ਸ਼ਾਮਲ ਹੈ।

ਸਾਰੇ ਵੋਟ ਕੇਂਦਰ ਘੱਟੋ-ਘੱਟ ਤਿੰਨ ਸਹਾਇਕ ਬੈਲਟ ਮਾਰਕਿੰਗ ਯੰਤਰਾਂ (HART TouchWriter) ਨਾਲ ਲੈਸ ਹਨ। ਸਹਾਇਕ ਬੈਲਟ ਮਾਰਕਿੰਗ ਡਿਵਾਇਸ ਵੋਟਿੰਗ ਹਿਦਾਇਤਾਂ ਅਤੇ ਬੈਲਟ ਨੂੰ ਵੱਡੀ ਕਿਸਮ ਦੇ ਟੈਕਸਟ, ਟੱਚ ਅਤੇ ਆਡੀਓ ਫਾਰਮੈਟਾਂ ਵਿੱਚ ਪ੍ਰਦਰਸ਼ਿਤ ਕਰਦਾ ਹੈ। ਡਿਵਾਇਸ ਹੋਰ ਸਹਾਇਕ ਡਿਵਾਇਸ (ਜਿਵੇਂ ਕਿ, ਸਿਪ ਅਤੇ ਪਫ, ਸਟਾਈਲਸ, ਆਦਿ) ਦੀ ਵਰਤੋਂ ਕਰਨ ਦੀ ਵੀ ਇਜਾਜ਼ਤ ਦਿੰਦਾ ਹੈ, ਜਦੋਂ ਵੋਟਰ ਆਪਣੀ ਬੈਲਟ ਤੇ ਨਿਸ਼ਾਨ ਲਗਾ ਲੈਂਦਾ ਹੈ, ਤਾਂ ਵੋਟਰ ਕੋਲ ਪ੍ਰਿੰਟ ਕਰਨ ਤੋਂ ਪਹਿਲਾਂ ਆਪਣੇ ਬੈਲਟ ਦੀ ਸਮੀਖਿਆ ਕਰਨ ਦਾ ਮੌਕਾ ਹੁੰਦਾ ਹੈ। ਪ੍ਰਿੰਟ ਕੀਤਾ ਬੈਲਟ VBM ਬੈਲਟ ਵਰਗਾ ਦਿਖਾਈ ਦਿੰਦਾ ਹੈ। ਜਿਹੜੇ ਵੋਟਰ ਕਾਗਜ਼ੀ ਬੈਲਟ ਤੇ ਆਪਣੀ ਵੋਟ ਦੀ ਨਿਸ਼ਾਨਦੇਹੀ ਕਰਨਾ ਪਸੰਦ ਕਰਦੇ ਹਨ, ਉਨ੍ਹਾਂ ਕੋਲ ਵੀ ਇਹ ਵਿਕਲਪ ਉਪਲਬਧ ਹੋਵੇਗਾ।

ਵੋਟਰਾਂ ਤੋਂ ਫੀਡਬੈਕ ਪ੍ਰਾਪਤ ਕਰਨ ਤੋਂ ਬਾਅਦ, ਕਾਉਂਟੀ ਵੋਟ ਕੇਂਦਰ ਸਥਾਨਾਂ ਤੇ ਕਾਲ ਘੰਟੀਆਂ ਦੀ ਵਰਤੋਂ ਲਈ ਇੱਕ ਪ੍ਰਭਾਵਸ਼ਾਲੀ ਹੱਲ ਵਿਕਸਿਤ ਕਰਨ ਲਈ VAAC ਮੈਂਬਰਾਂ ਨਾਲ ਕੰਮ ਕਰ ਰਹੀ ਹੈ। ਹਰੇਕ ਵੋਟ ਕੇਂਦਰ ਕੋਲ ਇੱਕ ਤਰੀਕਾ ਹੋਵੇਗਾ ਜਿਸ ਵਿੱਚ ਵੋਟਰ ਵੋਟ ਕੇਂਦਰ ਦੇ ਬਾਹਰ ਕੀਤੇ ਖੜ੍ਹੇ ਕੀਤੇ ਆਪਣੇ ਵਾਹਨ ਤੋਂ ਮਦਦ ਲਈ ਬੇਨਤੀ ਕਰ ਸਕਦੇ ਹਨ। ਇਹ ਵੋਟਰਾਂ ਨੂੰ VBM ਬੈਲਟ ਡ੍ਰੌਪ-ਆਫ, ਵੋਟ ਪਾਉਣ ਲਈ ਰਜਿਸਟਰ ਕਰਨਾ ਜਾਂ ਵੋਟਰ ਰਜਿਸਟ੍ਰੇਸ਼ਨ ਨੂੰ ਅੱਪਡੇਟ ਕਰਨਾ ਆਦਿ ਸਮੇਤ ਸੇਵਾਵਾਂ ਪ੍ਰਾਪਤ ਕਰਨ ਲਈ ਆਪਣੇ ਵਾਹਨ ਤੋਂ ਬਾਹਰ ਨਹੀਂ ਨਿਕਲ ਸਕਦਾ ਹੈ। ROV ਦਫ਼ਤਰ ਇਸ ਸੇਵਾ ਬਾਰੇ ਵਿਭਾਗ ਦੀ ਵੈੱਬਸਾਈਟ, ਕਾਉਂਟੀ ਵੋਟਰ ਜਾਣਕਾਰੀ ਗਾਈਡ ਅਤੇ VAAC ਮੈਂਬਰਾਂ, ਵੱਖ-ਵੱਖ ਭਾਈਚਾਰਕ ਸੰਸਥਾਵਾਂ ਅਤੇ ਪਹੁੰਚ ਇਵੈਂਟ ਨੂੰ ਵੰਡੇ ਗਏ ਫਲਾਇਰਾਂ ਰਾਹੀਂ ਵੀ ਇਸ ਸੇਵਾ ਬਾਰੇ ਹੋਰ ਜਾਣਕਾਰੀ ਸ਼ਾਮਲ ਕਰੇਗਾ।

## E. ਵੋਟ ਕੇਂਦਰਾਂ ਲਈ ਸਟਾਫ਼ ਦੀ ਭਰਤੀ

§4005(a)(10)(I)(vi)(IX)

ਹਰੇਕ ਵੋਟ ਕੇਂਦਰ ਤੇ ਚੋਣ ਕਰਮਚਰੀਆਂ ਵਿੱਚ ਪਾਰਟ-ਟਾਈਮ ਚੋਣ ਕਲਰਕ ਅਤੇ ਵਾਲੰਟੀਅਰ ਸ਼ਾਮਲ ਹੁੰਦੇ ਹਨ। ਚੋਣ ਕਲਰਕਾਂ ਵਿੱਚੋਂ, ਇੱਕ ਨੂੰ ਵੋਟ ਸੈਂਟਰ ਲੀਡ ਦੇ ਤੌਰ ਤੇ ਨਾਮਜ਼ਦ ਕੀਤਾ ਗਿਆ ਹੈ। ਚੋਣ ਕਰਮਚਾਰੀਆਂ ਦੇ ਫੀਡਬੈਕ ਦੇ ਆਧਾਰ ਤੇ, ROV ਦਫਤਰ ਦਾ ਟੀਚਾ ਹਰੇਕ ਵੋਟ ਕੇਂਦਰ ਤੇ ਤਿੰਨ ਚੋਣ ਕਲਰਕਾਂ ਅਤੇ ਮਤਦਾਨ ਦੇ ਸ਼ੁਰੂਆਤੀ ਦਿਨਾਂ'ਤੇ ਤਿੰਨ ਵਲੰਟੀਅਰਾਂ ਦੇ ਨਾਲ ਸਟਾਫ਼ ਕਰਨਾ ਹੈ। ਚੋਣ ਵਾਲੇ ਦਿਨ ਘੱਟੋ-ਘੱਟ ਪੰਜ ਚੋਣ ਕਲਰਕਾਂ ਅਤੇ ਪੰਜ ਵਾਲੰਟੀਅਰਾਂ ਤੱਕ ਸਟਾਫ਼ ਵਧਾਇਆ ਜਾਵੇਗਾ।

ਚੋਣ ਕਲਰਕਾਂ ਨੂੰ ਹਰੇਕ ਚੋਣ ਤੋਂ ਪਹਿਲਾਂ ਦੋ-ਭਾਗਾਂ ਦੀ ਸਿਖਲਾਈ ਵਿੱਚ ਸ਼ਾਮਲ ਹੋਣ ਦੀ ਲੋੜ ਹੈ। ਚੋਣ ਕਲਰਕਾਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ:

- ਚੋਣ ਵਰਕਰਾਂ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ।
- ਅਪਾਹਜਤਾ ਅਤੇ ਸੱਭਿਆਚਾਰਕ ਸੰਵੇਦਨਸ਼ੀਲਤਾ ਦੇ ਨਾਲ ਪੇਸ਼ੇਵਰ ਗਾਹਕ ਸੇਵਾ ਪ੍ਰਦਾਨ ਕਰਨ ਦੇ ਤਰੀਕੇ ਨੂੰ ਸਮਝਣ।
- ਵੋਟ ਕੇਂਦਰ ਕਿਵੇਂ ਸਥਾਪਤ ਕਰਨਾ ਅਤੇ ਰੋਜ਼ਾਨਾ ਦੇ ਖੋਲ੍ਹਣ ਅਤੇ ਬੰਦ ਕਰਨ ਦੇ ਕੰਮਾਂ ਨੂੰ ਪੂਰਾ ਕਰਨ ਬਾਰੇ ਸਮਝਣ।

- ਵੋਟਿੰਗ ਉਪਕਰਣ ਨੂੰ ਕਿਵੇਂ ਸਥਾਪਤ ਕਰਨਾ ਹੈ ਅਤੇ ਉਪਕਰਨਾਂ ਦੀ ਵਰਤੋਂ ਕਰਨ ਵਿੱਚ ਵੋਟਰਾਂ ਦੀ ਸਹੀ ਢੰਗ ਨਾਲ ਮਦਦ ਕਿਵੇਂ ਕਰਨੀ ਹੈ ਇਸ ਨੂੰ ਸਮਝਣਾ।
- ਵੋਟਰ ਨੂੰ ਸਹੀ ਫਾਰਮ, ਲਿਫ਼ਾਫ਼ਾ ਅਤੇ ਬੈਲਟ ਕਿਵੇਂ ਜਾਰੀ ਕਰਨਾ ਹੈ ਇਸਨੂੰ ਸਮਝਣਾ।
- ਵੱਖ-ਵੱਖ ਸਥਿਤੀਆਂ ਵਿੱਚ ਵੋਟਰਾਂ ਦੀ ਮਦਦ ਕਰਨ ਲਈ ਵੋਟਰ ਰਜਿਸਟ੍ਰੇਸ਼ਨ ਪ੍ਰਣਾਲੀ ਨੂੰ ਨੈਵੀਗੇਟ ਕਰਨ ਦੇ ਤਰੀਕੇ ਨੂੰ ਸਮਝਣਾ।

ਚੋਣ ਕਲਰਕ ਵੋਟ ਕੇਂਦਰਾਂ ਅਤੇ ਵੋਟਿੰਗ ਉਪਕਰਣਾਂ ਤੇ ਵਰਤੀ ਜਾਂਦੀ ਵੋਟਰ ਰਜਿਸਟ੍ਰੇਸ਼ਨ ਸਿਸਟਮ ਦੀ ਵਰਤੋਂ ਕਰਦਿਆਂ ਹੱਥੀਂ ਸਿਖਲਾਈ ਪ੍ਰਾਪਤ ਕਰਨਗੇ। ਸਿਖਲਾਈ ਦੌਰਾਨ ਹਰੇਕ ਚੋਣ ਕਲਰਕ ਨੂੰ ਹਵਾਲਾ ਗਾਈਡਾਂ ਦੇ ਨਾਲ ਇੱਕ ਵੋਟ ਸੈਂਟਰ ਹੈਂਡਬੁੱਕ ਪ੍ਰਦਾਨ ਕੀਤੀ ਜਾਂਦੀ ਹੈ।

ਵਾਲੰਟੀਅਰਾਂ ਨੂੰ ਵਲੰਟੀਅਰਾਂ ਦੀਆਂ ਸੌਂਪੀਆਂ ਗਈਆਂ ਡਿਊਟੀਆਂ ਲਈ ਇੱਕ ਵੱਖਰੀ ਸਿਖਲਾਈ ਵਿੱਚ ਸ਼ਾਮਲ ਹੋਣ ਦੀ ਲੋੜ ਹੁੰਦੀ ਹੈ। ਵਲੰਟੀਅਰਾਂ ਨੂੰ ਮੂਲ ਗਾਹਕ ਸੇਵਾ ਹੁਨਰਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ ਕਿਉਂਕਿ ਉਹ ਵੋਟ ਕੇਂਦਰਾਂ ਤੇ ਗ੍ਰੀਟਿੰਗ ਅਤੇ ਲਾਈਨ ਪ੍ਰਬੰਧਨ ਦੀ ਨਿਗਰਾਨੀ ਕਰਦੇ ਹਨ। ਇਸ ਵਿੱਚ ਇਹ ਵੀ ਸ਼ਾਮਲ ਹੈ ਕਿ ਅਪਾਹਜਤਾ ਅਤੇ ਸੱਭਿਆਚਾਰਕ ਸੰਵੇਦਨਸ਼ੀਲਤਾ ਦੇ ਨਾਲ ਪੇਸ਼ੇਵਰ ਗਾਹਕ ਸੇਵਾ ਕਿਵੇਂ ਪ੍ਰਦਾਨ ਕਰਨੀ ਹੈ। ਵਾਲੰਟੀਅਰ ਟਚ ਰਾਈਟਰ ਸਮੇਤ ਵੋਟਿੰਗ ਉਪਕਰਣ ਸਥਾਪਤ ਕਰਨ ਅਤੇ ਉਤਾਰਨ ਦੀ ਸਿਖਲਾਈ ਦੇ ਨਾਲ ਰੋਜ਼ਾਨਾ ਖੁੱਲਣ ਅਤੇ ਬੰਦ ਕਰਨ ਦੀਆਂ ਪ੍ਰਕਿਰਿਆਵਾਂ ਬਾਰੇ ਸਿਖਲਾਈ ਪ੍ਰਾਪਤ ਕਰਦੇ ਹਨ। ਉਹ ਵੋਟਰਾਂ ਦੀ ਸਹਾਇਤਾ ਕਰਨ ਬਾਰੇ ਸਿਖਲਾਈ ਵੀ ਪ੍ਰਾਪਤ ਕਰਨਗੇ ਜਿਨ੍ਹਾਂ ਨੂੰ ਭਾਸ਼ਾ ਸਹਾਇਤਾ ਦੀ ਜ਼ਰੂਰਤ ਹੈ।

ਇੱਕ ਪੂਰਕ ਸਿਖਲਾਈ ਵਿੱਚ ਸ਼ਾਮਲ ਹੋਣ ਲਈ ਵੋਟ ਕੇਂਦਰ ਦੀ ਲੀਡ ਦੀ ਲੋੜ ਹੁੰਦੀ ਹੈ। ਇਹ ਸਿਖਲਾਈ ਸ਼ੁਰੂਆਤੀ ਸਿਖਲਾਈ ਦੌਰਾਨ ਕਵਰ ਕੀਤੇ ਗਏ ਵਿਸ਼ਿਆਂ ਨੂੰ ਤਾਜ਼ਾ ਕਰਨ ਵਜੋਂ ਪ੍ਰਦਾਨ ਕਰਦੀ ਹੈ। ਸਿਖਲਾਈ ਇਸ ਭੂਮਿਕਾ ਲਈ ਖਾਸ ਜ਼ਿੰਮੇਵਾਰੀਆਂ ਨੂੰ ਕਵਰ ਕਰਦੀ ਹੈ ਅਤੇ ਸਹਿਯੋਗ ਲਈ ਅਗਵਾਈ ਕਰਨ ਦਾ ਤਰੀਕਾ ਪ੍ਰਦਾਨ ਕਰਦੀ ਹੈ। ਤਜਰਬੇਕਾਰ ਵੋਟ ਕੇਂਦਰ ਨਵੀਆਂ ਲੀਡਾਂ ਨੂੰ ਸਲਾਹ ਦੇਣ ਵਿੱਚ ਮਦਦ ਕਰਦਾ ਹੈ ਕਿਉਂਕਿ ਉਹ ਚੋਣ ਦਿਨ ਤੋਂ 10 ਤੋਂ 5 ਦਿਨ ਪਹਿਲਾਂ ਵੋਟ ਕੇਂਦਰਾਂ ਤੇ ਕੰਮ ਕਰਨ ਲਈ ਨਿਰਧਾਰਤ ਕੀਤੇ ਜਾਂਦੇ ਹਨ।

ROV ਦਫਤਰ ਹਰੇਕ ਵੋਟ ਕੇਂਦਰ ਤੇ ਸਟਾਫ ਖਾਸ ਤੌਰ ਤੇ ਭਾਸ਼ਾ ਭਾਈਚਾਰਿਆਂ ਦੇ ਨੇੜਤਾ ਦੇ ਅੰਦਰ ਸਥਾਪਿਤ ਕੀਤੇ ਗਏ ਸਟਾਫ ਲਈ ਅਸ਼ੂਰੀਅਨ (ਸੀਰੀਆਕ), ਖਮੇਰ, ਪੰਜਾਬੀ ਜਾਂ ਸਪੇਨੀ ਵਿੱਚ ਦੋਭਾਸ਼ੀ ਚੋਣ ਕਲਰਕਾਂ ਅਤੇ ਵਲੰਟੀਅਰਾਂ ਦੀ ਭਰਤੀ ਕਰਨ ਲਈ ਨੇਕ ਵਿਸ਼ਵਾਸ ਨਾਲ ਯਤਨ ਕਰੇਗਾ। ROV ਭਾਈਚਾਰਕ ਇਵੈਂਟ ਸਮੇਤ ਭਰਤੀ ਦੇ ਮੌਕਿਆਂ ਦੀ ਪਛਾਣ ਕਰਨ ਲਈ LAAC ਮੈਂਬਰਾਂ ਨਾਲ ਕੰਮ ਕਰਨਾ ਜਾਰੀ ਰੱਖੇਗਾ। ਇਸ ਪ੍ਰਕਾਸ਼ਨ ਦੇ ਸਮੇਂ ਦੌਰਾਨ, LAAC ਸੱਦਸ ਫਲਾਇਰਾਂ ਦੇ ਵਿਕਾਸ ਵਿੱਚ ਸਹਾਇਤਾ ਕਰ ਰਹੇ ਹਨ ਜੋ ਸਪੇਨੀ, ਅਸ਼ੂਰੀਆਈ (ਸੀਰੀਆਕ), ਖਮੇਰ ਅਤੇ ਪੰਜਾਬੀ ਵਿੱਚ ਅਨੁਵਾਦ ਕੀਤੇ ਜਾਣਗੇ ਅਤੇ ਜਾਣੇ-ਪਛਾਣੇ ਨਸਲੀ ਕਰਿਆਨੇ ਦੇ ਸਟੋਰ ਵਿੱਚ ਵੰਡੇ ਜਾਣਗੇ। ਫਲਾਇਰਾਂ ਵਿੱਚ ਵੋਟ ਪਾਉਣ ਲਈ ਰਜਿਸਟਰ ਕਰਨ ਦੇ ਤਰੀਕੇ, ਪ੍ਰਤੀਰੂਪ ਬੈਲਟ ਦੀ ਉਪਲਬਧਤਾ ਅਤੇ ਚੋਣ ਕਰਮਚਾਰੀ ਬਣਨ ਦੇ ਮੌਕਿਆਂ ਦੀ ਤਰੱਕੀ ਬਾਰੇ ਮੁੱਢਲੀ ਜਾਣਕਾਰੀ ਸ਼ਾਮਲ ਹੁੰਦੀ ਹੈ।

## F. **ਵੋਟ ਕੇਂਦਰਾਂ ਦਾ ਡਿਜ਼ਾਈਨ ਅਤੇ ਲੇਆਉਟ**

§4005(a)(10)(I)(vi)(XI)

ਵੋਟ ਕੇਂਦਰਾਂ ਨੂੰ ਅਜਿਹੇ ਢੰਗ ਨਾਲ ਤਿਆਰ ਕੀਤਾ ਜਾਵੇਗਾ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਹਰੇਕ ਵੋਟਰ ਨੂੰ ਨਿੱਜੀ ਅਤੇ ਸੁਤੰਤਰ ਮਤਦਾਨ ਦਾ ਅਧਿਕਾਰ ਮਿਲ ਸਕੇ। ਹਰੇਕ ਵੋਟ ਕੇਂਦਰ ਵਿੱਚ ਵੋਟਰ ਰਜਿਸਟ੍ਰੇਸ਼ਨ, ਬੈਲਟ ਆਨ-ਡਿਮਾਂਡ ਪ੍ਰਿੰਟਰ, ਸਹਾਇਕ ਬੈਲਟ ਮਾਰਕਿੰਗ ਡਿਵਾਇਸ ਅਤੇ ਇੱਕ ਬੈਲਟ ਸਕੈਨਰ (ਟੇਬੂਲੇਟਰ) ਦੇਖਣ ਲਈ ਚੋਣ ਕਲਰਕ ਲੈਪਟਾਪ ਨਾਲ ਲੈਸ ਹੋਣਗੇ। ਵੋਟਿੰਗ ਉਪਕਰਣ ਅਤੇ ਬੈਲਟ ਡ੍ਰੌਪ-ਔਫ਼ ਬਕਸਿਆਂ ਨੂੰ ਇੱਕ ਰਣਨੀਤਕ ਤਰੀਕੇ ਨਾਲ ਵੋਟ ਕੇਂਦਰ ਵਿੱਚ ਰੱਖਿਆ ਜਾਵੇਗਾ ਤਾਂ ਜੋ ਉਹ ਵੋਟਰਾਂ ਵੱਲੋਂ ਅਸਾਨੀ ਨਾਲ ਪਛਾਣੇ ਜਾ ਸਕਣ ਅਤੇ ਵੋਟ ਕੇਂਦਰ ਦੇ ਸਟਾਫ਼ ਦੁਆਰਾ ਇਸ ਦੀ ਨਿਗਰਾਨੀ ਕੀਤੀ ਜਾ ਸਕੇ। ਨਮੂਨੇ ਦੇ ਡਿਜ਼ਾਇਨ ਅਤੇ ਵੋਟ ਕੇਂਦਰਾਂ ਦੇ ਖਾਕੇ ਲਈ ਅੰਤਕਾ C ਦੇਖੋ। ਲੇਆਉਟ ਨੂੰ ਸੁਵਿਧਾਵਾਂ ਦੀ ਬਣਾਵਟ ਅਤੇ ਆਕਾਰ ਦੇ ਆਧਾਰ ਤੇ ਐਡਜਸਟ ਕੀਤਾ ਜਾਵੇਗਾ।

## G. ਵੋਟ ਕੇਂਦਰ ਦੀ ਸੁਰੱਖਿਆ

§4005(a)(10)(I)(vi)(VIII)

ROV ਦਫ਼ਤਰ ਹੇਠ ਲਿਖੀਆਂ ਵਿਧੀਆਂ ਅਤੇ ਮਿਆਰਾਂ ਦੀ ਵਰਤੋਂ ਕਰਦਿਆਂ ਵੋਟ ਕੇਂਦਰਾਂ ਤੇ ਚੋਣ ਸੁਰੱਖਿਆ ਨੂੰ ਪੱਕਾ ਕਰੇਗਾ:

- ROV ਦਫ਼ਤਰ ਨੂੰ ਉਸ ਥਾਂ ਤੱਕ ਵਿਸ਼ੇਸ਼ ਪਹੁੰਚ ਪ੍ਰਦਾਨ ਕਰਨ ਲਈ ਵੋਟ ਕੇਂਦਰਾਂ ਵਜੋਂ ਵਰਤੀਆਂ ਜਾਣ ਵਾਲੀਆਂ ਸਹੂਲਤਾਂ ਦੀ ਲੋੜ ਹੁੰਦੀ ਹੈ।
- ਸਾਰੇ ਵੋਟ ਸੈਂਟਰ ਸਟਾਫ ਨੂੰ ਯੋਗ ਵੋਟਰਾਂ ਦੀ ਸਹਾਇਤਾ ਕਰਨ ਅਤੇ ਹਿਰਾਸਤ ਪ੍ਰਕਿਰਿਆਵਾਂ ਅਤੇ ਵੋਟਿੰਗ ਉਪਕਰਣਾਂ ਦੇ ਸੰਚਾਲਨ ਦੀ ਸਹੀ ਲੜੀ ਦੀ ਪਾਲਣਾ ਕਰਨ ਲਈ ਚੰਗੀ ਤਰ੍ਹਾਂ ਸਿਖਲਾਈ ਦਿੱਤੀ ਜਾਵੇਗੀ ਅਤੇ ਤਿਆਰ ਕੀਤਾ ਜਾਵੇਗਾ।
- ਸਿਰਫ਼ ਚੋਣ ਕਲਰਕ ਹੀ ਵੋਟ ਕੇਂਦਰਾਂ ਤੇ ਚੋਣ ਪ੍ਰਬੰਧਨ ਸਿਸਟਮ ਤੱਕ ਪਹੁੰਚ ਕਰ ਸਕਦੇ ਹਨ। ਸਿਸਟਮ ਤੇ ਸਾਈਨ-ਆਨ ਕਰਨ ਲਈ ਮਲਟੀ-ਫੈਕਟਰ ਪ੍ਰਮਾਣਿਕਤਾ ਦੀ ਲੋੜ ਹੈ। ਵਲੰਟੀਅਰਾਂ ਨੂੰ ਸਾਈਨ-ਆਨ ਕਰਨ ਲਈ ਆਈਡੀ-ਪਾਸਵਰਡ ਨਹੀਂ ਦਿੱਤੇ ਜਾਂਦੇ ਹਨ।
- ਚੋਣ ਪ੍ਰਬੰਧਨ ਪ੍ਰਣਾਲੀ ਨਾਲ ਕਨੈਕਟ ਕੀਤੇ ਸਾਰੇ ਡਿਵਾਇਸ ਸਾਰੇ ਸੁਰੱਖਿਆ ਪੈਮਾਨਿਆਂ ਅਤੇ ਨਿਯਮਾਂ (§20158) ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਹਨ ROV ਦਫ਼ਤਰ IT ਇਕਾਈ ਦੀ ਵਰਤੋਂ ਕਰਕੇ ਇਹ ਪੱਕਾ ਕਰਦੇ ਹਨ ਕਿ ਸੁਰੱਖਿਆ ਹਮੇਸ਼ਾ ਬਰਕਰਾਰ ਰਹੇ।
- HART InterCivic Verity ਵੋਟਿੰਗ ਸਮੱਗਰੀ (ਪ੍ਰਿੰਟ, ਟਚ ਰਾਈਟਰ, ਅਤੇ ਸਕੈਨ) ਨੂੰ California ਸਟੇਟ ਦੇ ਸਕੱਤਰ ਵੱਲੋਂ ਪ੍ਰਮਾਣਿਤ ਕੀਤਾ ਗਿਆ ਹੈ। ਇਹ ਇੱਕ ਕਾਗਜ਼–ਆਧਾਰਿਤ ਸਿਸਟਮ ਹੈ ਅਤੇ ਕਿਸੇ ਵੀ ਨੈੱਟਵਰਕ ਨਾਲ ਕਨੈਕਟ ਨਹੀਂ ਹੈ।
- ਸਾੱਫਟਵੇਅਰ ਦੇ ਸਹੀ ਸੰਸਕਰਣ ਲਈ ਸਾਰੇ ਉਪਕਰਣਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਅਤੇ ਹਰੇਕ ਚੋਣ ਤੋਂ ਪਹਿਲਾਂ ਤਰਕ ਅਤੇ ਬਿਲਕੁਲ ਸਹੀ ਹੋਣ ਲਈ ਜਾਂਚ ਕੀਤੀ ਜਾਂਦੀ ਹੈ।
- ਸਾਮਗਰੀ ਦੀ ਵਰਤੋਂ ਕਰਨ ਲਈ ਚੋਣ ਵਰਕਰਾਂ ਨੂੰ ਜਾਰੀ ਕੀਤੀਆਂ ਕੁੰਜੀਆਂ ਅਤੇ ਕੋਡ ਦੀ ਲੋੜ ਹੁੰਦੀ ਹੈ।
- ਸਾਮਗਰੀ ਨੂੰ ਅਧਿਕਾਰਤ ਸੁਰੱਖਿਆ ਸੀਲਾਂ ਨਾਲ ਸੀਲ ਕੀਤਾ ਜਾਵੇਗਾ ਅਤੇ ਵੋਟ ਕੇਂਦਰਾਂ ਦੇ ਬੰਦ ਹੋਣ ਤੇ ਇਹਨਾਂ ਨੂੰ ਬੰਦ ਕਰਕੇ ਭੌਤਿਕ ਤੌਰ ਤਾਲਾ ਲਗਾ ਦਿੱਤਾ ਜਾਵੇਗਾ। ਇਸ ਤੋਂ ਬਾਅਦ, ਵੋਟ ਕੇਂਦਰ ਬੰਦ ਹੋਣ ਤੇ ਬੈਲਟ ਸਕੈਨਰ ਨੂੰ ਤਾਲਾਬੰਦ ਸੁਰੱਖਿਆ ਕਾਰਟ ਵਿਚ ਰੱਖਿਆ ਜਾਂਦਾ ਹੈ। ਸਾਮਗਰੀ ਤੇ ਲਗਾਈ ਗਈ ਸੀਲ ਨੂੰ ਹਰ ਰਾਤ ਲੌਗ ਕੀਤਾ ਜਾਂਦਾ ਹੈ ਅਤੇ ਵੋਟ ਕੇਂਦਰ ਖੋਲ੍ਹਣ ਤੇ ਤਸਦੀਕ ਕੀਤਾ ਜਾਂਦਾ ਹੈ।
- ਵੋਟਿੰਗ ਦੇ ਸਮੇਂ ਦੌਰਾਨ ਵਾਧੂ ਨਾ ਵਰਤੇ ਹੋਏ ਬੈਲਟ ਕਾਗਜ਼ ਨੂੰ ਇੱਕ ਸੁਰੱਖਿਆ ਕਾਰਟ ਵਿੱਚ ਤਾਲਾਬੰਦ ਰੱਖਿਆ ਜਾਂਦਾ ਹੈ। ਚੋਣ ਵਰਕਰਾਂ ਵੱਲੋਂ ਗਿਣਨ ਤੋਂ ਬਾਅਦ ਸਾਰੇ ਕਾਗਜ਼ ਸੁਰੱਖਿਆ ਕਾਰਟ ਵਿੱਚ ਵਾਪਸ ਰੱਖ ਦਿੱਤੇ ਜਾਂਦੇ ਹਨ।
- ਕੋਈ ਵੀ ਅਤੇ ਸਾਰੀਆਂ ਰਿਕਾਰਡ ਕੀਤੀਆਂ ਵੋਟਾਂ, ਜਿਸ ਵਿੱਚ ਕਾਗਜ਼ੀ ਬੈਲਟ, ਵੋਟਿੰਗ ਸਮੱਗਰੀ ਵਿੱਚ ਸਬਮਿਟ ਕੀਤੇ ਗਏ ਬੈਲਟ, ਸ਼ਰਤ-ਅਧੀਨ ਵੋਟਰ ਰਜਿਸਟ੍ਰੇਸ਼ਨ (Conditional Voter Registration, CVR) ਬੈਲਟ, ਆਰਜ਼ੀ ਬੈਲਟ, ਅਤੇ ਡਾਕ ਰਾਹੀਂ ਵੋਟ ਬੈਲਟ ਸ਼ਾਮਲ ਹਨ, ਵੋਟ ਕੇਂਦਰ ਦੇ ਬੰਦ ਹੋਣ ਤੋਂ ਬਾਅਦ ਇਹ ਰੋਜ਼ਾਨਾ Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਕੋਲ ਪਹੁੰਚਾ ਦਿੱਤੀਆਂ ਜਾਣਗੀਆਂ।

## H. ਰੋਕਥਾਮ ਦੇ ਉਪਾਅ ਅਤੇ ਸੰਭਾਵੀ ਰੁਕਾਵਟਾਂ

§4005(a)(10)(I)(vi)(VIII)(ia), §4005(a)(10)(I)(vi)(VIII)(ib)

ROV ਦਫਤਰ ਨੇ ਰੋਕਥਾਮ ਦੇ ਉਪਾਅ ਵਿਕਸਿਤ ਕੀਤੇ ਹਨ ਅਤੇ ਇਹ ਪੱਕਾ ਕਰਣਗੇ ਕਿ ਚੋਣ ਕਰਮਚਾਰੀ ਵੋਟ ਕੇਂਦਰਾਂ ਤੇ ਸੰਭਾਵਿਤ ਰੁਕਾਵਟਾਂ ਲਈ ਤਿਆਰ ਹੋਣ। ਵੋਟ ਕੇਂਦਰ ਦੇ ਕਰਮਚਾਰੀਆਂ ਨੂੰ ਬਦਲਵੀਂਆਂ ਪ੍ਰਕਿਰਿਆਵਾਂ ਵਿੱਚ ਸਿਖਲਾਈ ਦਿੱਤੀ ਜਾਵੇਗੀ ਤਾਂ ਜੋ ਸੰਭਾਵਿਤ ਰੁਕਾਵਟਾਂ ਦੇ ਸਮੇਂ ਵੋਟਿੰਗ ਜਾਰੀ ਰਹੇ। ਜਿਵੇਂ ਕਿ ਦੱਸਿਆ ਗਿਆ ਹੈ, ਵੋਟ ਕੇਂਦਰਾਂ ਤੇ ਵੋਟਿੰਗ ਉਪਕਰਣਾਂ ਵਿੱਚ ਬੈਲਟ ਆਨ-ਡਿਮਾਂਡ ਪ੍ਰਿੰਟਰ, ਸਹਾਇਕ ਬੈਲਟ ਮਾਰਕਿੰਗ ਡਿਵਾਇਸ ਅਤੇ ਇੱਕ ਬੈਲਟ ਸਕੈਨਰ ਸ਼ਾਮਲ ਹਨ। ਕਾਉਂਟੀ ਦੇ ਅੰਦਰ ਰਜਿਸਟਰਡ ਵੋਟਰਾਂ ਦੀ ਖੋਜ ਕਰਨ, ਵੋਟ ਪਾਉਣ ਵਾਲਿਆਂ ਦੇ ਰਿਕਾਰਡ ਨੂੰ ਅੱਪਡੇਟ ਕਰਨ, ਜਾਂ ਨਵੇਂ ਵੋਟਰ ਨੂੰ ਰਜਿਸਟਰ ਕਰਨ ਲਈ ਚੋਣ ਕਰਮਚਾਰੀਆਂ ਦੁਆਰਾ ਲੈਪਟਾਪ ਦੀ ਵਰਤੋਂ ਵੀ ਕੀਤੀ ਜਾਂਦੀ ਹੈ।

ਹਰੇਕ ਚੋਣ ਤੋਂ ਪਹਿਲਾਂ, ਸਾਰੇ ਵੋਟਿੰਗ ਉਪਕਰਣਾਂ ਦੀ ਤਰਕ ਅਤੇ ਬਿਲਕੁਲ ਸਹੀ ਹੋਣ ਦੀ ਜਾਂਚ ਕੀਤੀ ਜਾਂਦੀ ਹੈ। ਇਸ ਸਮੇਂ ਦੇ ਦੌਰਾਨ, ROV ਹੋਰ ਪਈ ਸਾਮਗਰੀ ਦੀ ਜਾਂਚ ਕਰਦਾ ਜੋ ਕਿ ਵਾਧੂ ਵਜੋਂ ਵਰਤੀ ਜਾ ਸਕਦੀ ਹੈ ਜਦੋਂ ਕਿਸੇ ਵੀ ਸਥਿਤੀ ਵਿੱਚ ਕਿਸੇ ਡਿਵਾਈਸ ਨੂੰ ਬਦਲਣ ਦੀ ਲੋੜ ਹੋਵੇ। ਇਹ ਡਿਵਾਈਸਾਂ ਤਾਲਾਬੰਦ, ਸੀਲ, ਅਤੇ ਲੋੜ ਪੈਣ ਤੱਕ ਇੱਕ ਪਾਸੇ ਰੱਖੀਆਂ ਜਾਂਦੀਆਂ ਹਨ। ROV ਦਫਤਰ ਵਿੱਚ ਹਰ ਰੋਜ਼ ਵੋਟ ਕੇਂਦਰਾਂ ਦੇ ਖੁੱਲ੍ਹੇ ਹੋਣ ਤੇ ਲੋੜੀਂਦੀ ਬਦਲਣ ਵਾਲੀ ਸਮੱਗਰੀ ਅਤੇ ਉਪਕਰਣ ਵੰਡਣ ਲਈ ਡਿਊਟੀ ਤੇ ਸਟਾਫ ਹੋਵੇਗਾ। ਟੀਮਾਂ ਨੂੰ ਸਾਮਗਰੀ ਨੂੰ ਸੰਭਾਲਣ ਅਤੇ ਸਮੱਸਿਆ ਦਾ ਨਿਪਟਾਰਾ ਕਰਨ ਬਾਰੇ ਸਿਖਲਾਈ ਦਿੱਤੀ ਜਾਵੇਗੀ।

ਵਾਧੂ ਤੌਰ ਤੇ, ਹਰੇਕ ਵੋਟ ਕੇਂਦਰ ਕੋਲ ਚੋਣ ਕਲਰਕਾਂ ਦੁਆਰਾ ਪਹੁੰਚ ਕਰਨ ਲਈ 3 ਤੋਂ 5 ਲੈਪਟਾਪ ਹੋਣਗੇ। ਹਰੇਕ ਸਾਈਟ ਤੇ ਇੱਕ ਤੋਂ ਵੱਧ ਲੈਪਟਾਪ ਹੁੰਦੇ ਹਨ, ਜੇਕਰ ਕਿਸੇ ਵੀ ਸਮੇਂ ਇੱਕ ਖਰਾਬ ਹੋ ਜਾਂਦਾ ਹੈ। ਇਹ ਆਮ ਤੌਰ ਤੇ ਚੋਣ ਵਾਲੇ ਦਿਨ ਵੋਟਰਾਂ ਦੀਆਂ ਲਾਈਨਾਂ ਨੂੰ ਉਮੀਦ ਮੁਤਾਬਕ ਜਾਰੀ ਰੱਖਣ ਵਿੱਚ ਵੀ ਮਦਦ ਕਰਦਾ ਹੈ। ਇਸੇ ਕਾਰਨ ਕਰਕੇ, ਹਰੇਕ ਵੋਟ ਕੇਂਦਰ ਵਿੱਚ 2 ਬੈਲਟ-ਆਨ ਡਿਮਾਂਡ, ਵੈਰਿਟੀ ਪ੍ਰਿੰਟ, ਉਪਕਰਣ ਹੋਣਗੇ। ਉਹਨਾਂ ਵੋਟ ਕੇਂਦਰਾਂ ਦੀ ਚੋਣ ਕਰੋ ਜੋ ਆਕਾਰ ਵਿੱਚ ਵੱਡੇ ਹੋਣ ਅਤੇ ਨਾਲ ਹੀ ਇਤਿਹਾਸਕ ਤੌਰ ਤੇ ਵਿਅਕਤੀਗਤ ਰੂਪ ਵਿੱਚ ਜ਼ਿਆਦਾ ਮਤਦਾਨ ਵਾਲੇ ਖੇਤਰ ਹੋਵੇ, ਜਿੱਥੇ ਇੱਕ ਵਾਧੂ ਬੈਲਟ ਸਕੈਨਰ ਸ਼ਾਮਲ ਕੀਤਾ ਜਾਵੇਗਾ। ਇਹ ਚੋਣ ਵਾਲੇ ਦਿਨ ਵੋਟਰਾਂ ਦੇ ਇੰਤਜ਼ਾਰ ਕਰਨ ਦੇ ਸਮੇਂ ਨੂੰ ਘਟਾਉਣ ਵਿੱਚ ਮਦਦ ਕਰੇਗਾ। ਇਹ ਵੀ ਇੱਕ ਹੋਰ ਕਾਰਨ ਹੈ ਕਿ ਇੱਕ ਹੋਰ ਵੋਟਿੰਗ ਉਪਕਰਣ ਖਰੀਦੀਆ ਜਾਵੇ।

ਵੈਰਿਟੀ ਵੋਟਿੰਗ ਉਪਕਰਣ ਹਮੇਸ਼ਾ ਬਿਜਲੀ ਨਾਲ ਜੁੜਿਆ ਹੁੰਦਾ ਹੈ। ਹਾਲਾਂਕਿ, ਬਿਜਲੀ ਜਾਣ ਦੀ ਸਥਿਤੀ ਵਿੱਚ ਡਿਵਾਈਸ ਵਿੱਚ ਅੰਦਰੂਨੀ ਬੈਟਰੀ ਵੀ ਹੁੰਦੀ ਹੈ। ਵਾਧੂ ਰੋਕਥਾਮ ਉਪਾਅ ਦੇ ਤੌਰ ਤੇ, ROV ਦਫ਼ਤਰ ਹਰੇਕ ਵੋਟ ਕੇਂਦਰ ਤੇ ਦੋ ਸਰਵ ਵਿਆਪਕ ਬਿਜਲੀ ਸਪਲਾਈ ਕਰਦਾ ਹੈ ਜੋ ਇੱਕ ਵਾਧੂ ਬੈਕ-ਅੱਪ ਬਿਜਲੀ ਸਪਲਾਈ ਦੇ ਤੌਰ ਤੇ ਪ੍ਰਦਾਨ ਕਰਦਾ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਬਿਜਲੀ ਜਾਣ ਦੇ ਦੌਰਾਨ ਘੱਟੋ-ਘੱਟ ਇੱਕ ਲੈਪਟਾਪ, ਬੈਲਟ ਆਨ-ਡਿਮਾਂਡ ਡਿਵਾਈਸ ਅਤੇ ਸਹਾਇਕ ਡਿਵਾਇਸ ਚਾਲੂ ਹੋ ਸਕਦਾ ਹੈ। ਸਾਰੇ ਵੋਟ ਕੇਂਦਰਾਂ ਵਿੱਚ ਜ਼ਰੂਰੀ ਹੋਣ ਤੇ ਮੁੱਖ ਦਫ਼ਤਰ ਨਾਲ ਜਲਦੀ ਕਨੈਕਟ ਕਰਨ ਲਈ ਸੈੱਲ ਫ਼ੋਨ ਹੋਣਗੇ।

# ਸੈਕਸ਼ਨ II - ਬੈਲਟ ਡ੍ਰੌਪ-ਔਫ਼ ਬੌਕਸ ਦੇ ਟਿਕਾਣੇ

## A. ਬੈਲਟ ਡ੍ਰੌਪ-ਔਫ਼ ਬੌਕਸ ਦੇ ਟਿਕਾਣਿਆਂ ਦੇ ਕੰਮਕਾਜੀ ਘੰਟੇ

§4005(a)(1)(A)

ਕਾਉਂਟੀ ਅਧਿਕਾਰਤ ਡ੍ਰੌਪ ਬਾਕਸ ਚੋਣਾਂ ਤੋਂ 28 ਦਿਨ ਪਹਿਲਾਂ ਅਤੇ ਚੋਣ ਵਾਲੇ ਦਿਨ ਤੱਕ ਖੁੱਲ੍ਹੇ ਰਹਿਣਗੇ। ਸਾਰੇ ਬੈਲਟ ਡ੍ਰੌਪ-ਆਫ ਟਿਕਾਣੇ ਸੁਵਿਧਾ ਦੇ ਆਮ ਕਾਰੋਬਾਰੀ ਘੰਟਿਆਂ ਦੌਰਾਨ ਖੁੱਲ੍ਹੇ ਰਹਿਣਗੇ। 24 ਘੰਟੇ ਵਾਲੇ ਬਾਹਰ ਪਏ ਬੈਲਟ ਡ੍ਰੌਪ ਬਾਕਸ ਦੇ ਟਿਕਾਣੇ ਚੋਣ ਵਾਲੇ ਦਿਨ ਸ਼ਾਮ 8:00 ਵਜੇ ਬੰਦ ਹੋ ਜਾਣਗੇ। ਹਰੇਕ ਵੋਟ ਕੇਂਦਰ ਵਿੱਚ ਉਹਣਾਂ ਵੋਟਰਾਂ ਲਈ ਜੋ ਆਪਣੇ VBM ਨੂੰ ਛੱਡਣ ਨੂੰ ਤਰਜੀਹ ਦਿੰਦੇ ਹਨ, ਇੱਕ ਬੈਲਟ ਡ੍ਰੌਪ ਬਾਕਸ ਹੋਵੇਗਾ ਜਿੱਥੇ ਬੈਲਟ ਬਾਕਸ ਚੋਣ ਕਰਮਚਾਰੀਆਂ ਦੁਆਰਾ ਲਗਾਇਆ ਜਾਂਦਾ ਹੈ।

ਸਟੈਂਡ-ਅਲੋਨ ਬੈਲਟ ਡ੍ਰੌਪ ਬਾਕਸ ਟਿਕਾਣਿਆਂ ਤੋਂ ਇਲਾਵਾ, ROV ਦਫਤਰ ਵਾਧੂ ਵੋਟਰ ਸੇਵਾ ਦੇ ਤੌਰ ਤੇ ਪ੍ਰਤਿਬੰਧਤ ਬੈਲਟ ਡ੍ਰੌਪ ਆਫ ਟਿਕਾਣਿਆਂ ਨੂੰ ਸਥਾਪਿਤ ਕਰਨਾ ਜਾਰੀ ਰੱਖੇਗਾ। ਇਹਨਾਂ ਸਾਈਟਾਂ ਤੇ, ਚੋਣ ਕਰਮਚਾਰੀ ਦੁਆਰਾ ਲਗਾਏ ਗਏ ਡ੍ਰੌਪ ਬਾਕਸ ਤੇ ਵੋਟਰ ਸਿਰਫ਼ ਡ੍ਰਾਈਵ ਕਰਕੇ ਆ ਕੇ ਆਪਣੇ VBM ਨੂੰ ਵਿੱਚ ਪਾ ਸਕਦੇ ਹਨ। ਇਹ ਸੇਵਾ ਚੋਣਾਂ ਵਾਲੇ ਦਿਨ ਤੋਂ ਪਹਿਲਾਂ ਸੋਮਵਾਰ ਨੂੰ 8 ਘੰਟੇ ਲਈ ਅਤੇ ਚੋਣ ਵਾਲੇ ਦਿਨ ਸਵੇਰੇ 7:00 ਵਜੇ ਤੋਂ ਸ਼ਾਮ 8:00 ਵਜੇ ਤੱਕ ਪੇਸ਼ ਕੀਤੀ ਜਾਵੇਗੀ।

ਹਰੇਕ ਚੋਣ ਤੋਂ ਪਹਿਲਾਂ, ਹਰੇਕ ਰਜਿਸਟਰਡ ਵੋਟਰ ਨੂੰ ਡਾਕ ਰਾਹੀਂ ਭੇਜੀ ਗਈ Stanislaus ਕਾਉਂਟੀ ਵੋਟਰ ਜਾਣਕਾਰੀ ਗਾਈਡ ਵਿੱਚ ਸਾਰੇ ਬੈਲਟ ਡ੍ਰੌਪ ਬਾਕਸ ਅਤੇ ਪ੍ਰਤਿਬੰਧਤ ਬੈਲਟ ਡ੍ਰੌਪ ਆਫ ਟਿਕਾਣੇ ਦੀ ਸੂਚੀ, ਪਤੇ ਅਤੇ ਕੰਮ ਦੇ ਘੰਟਿਆਂ ਦੀ ਸੂਚੀ www.stanvote.com ਤੇ ਪੋਸਟ ਕੀਤੀ ਜਾਵੇਗੀ ਅਤੇ ਛਾਪੀ ਜਾਵੇਗੀ। ਇਸ ਤੋਂ ਇਲਾਵਾ, www.stanvote.com ਤੇ ਵੋਟਰ ਸੇਵਾਵਾਂ ਦਾ ਨਕਸ਼ਾ ਉਪਲਬਧ ਕਰਵਾਇਆ ਜਾਵੇਗਾ, ਜਿਸ ਨਾਲ ਵੋਟਰ ਨਕਸ਼ੇ ਤੇ ਨਜ਼ਦੀਕੀ ਵੋਟ ਕੇਂਦਰ ਜਾਂ ਡ੍ਰੌਪ ਬਾਕਸ ਸਥਾਨ ਦੀ ਖੋਜ ਕਰ ਸਕਣਗੇ। ਅੰਤ ਵਿੱਚ, ਸਾਰੇ ਵੋਟਿੰਗ ਸਥਾਨਾਂ ਨੂੰ ਹਰੇਕ ਸਕ੍ਰਿਅ ਰਜਿਸਟਰਡ ਵੋਟਰਾਂ ਨੂੰ ਸਿੱਧੇ ਡਾਕ ਰਾਹੀਂ ਭੇਜੇ ਗਏ ਇੱਕ ਪੋਸਟਕਾਰਡ ਤੇ ਵੀ ਸੂਚੀਬੱਧ ਕੀਤਾ ਜਾਵੇਗਾ। ਅੰਤਿਕਾ ਬੀ 2022 ਦੀਆਂ ਆਮ ਚੋਣਾਂ ਲਈ ਵੋਟਰਾਂ ਨੂੰ ਡਾਕ ਰਾਹੀਂ ਭੇਜੇ ਗਏ ਪੋਸਟਕਾਰਡ ਨੂੰ ਦਿਖਾਉਂਦਾ ਹੈ।

## B. ਡ੍ਰੌਪ ਬਾਕਸ ਦੀ ਕੁੱਲ ਸੰਖਿਆ

§4005(a)(10)(I)(vi)(II)

ਇਸ ਪ੍ਰਕਾਸ਼ਨ ਦੇ ਸਮੇਂ ਕਾਉਂਟੀ ਦੇ ਵੋਟਰਾਂ ਦੀ ਗਿਣਤੀ ਨੂੰ ਦੇਖਦੇ ਹੋਏ, ROV ਦਫ਼ਤਰ ਨੂੰ 19 ਬੈਲਟ ਡ੍ਰੌਪ ਬਾਕਸ ਟਿਕਾਣੇ ਪ੍ਰਦਾਨ ਕਰਨ ਦੀ ਲੋੜ ਹੈ। ਹੇਠਾਂ ਦਿੱਤਾ ਚਾਰਟ 2022 ਦੀਆਂ ਆਮ ਚੋਣਾਂ ਵਿੱਚ ਸਥਾਪਤ ਕੀਤੇ ਗਏ ਬੈਲਟ ਡ੍ਰੌਪ ਬਾਕਸ ਟਿਕਾਣਿਆਂ ਦੀ ਸੰਖਿਆ ਨੂੰ ਦਰਸ਼ਾਉਂਦਾ ਹੈ।

| 2022 ਦੀਆਂ ਆਮ ਚੋਣਾਂ<br>ਬੈਲਟ ਡ੍ਰੌਪ ਬਾਕਸ ਟਿਕਾਣਿਆਂ ਦੀ ਗਿਣਤੀ | |
|---|---|
| **ਅੰਦਰੂਨੀ ਬੈਲਟ ਡ੍ਰੌਪ ਬਾਕਸ** | 25 |
| **ਬਾਹਰੀ ਬੈਲਟ ਡ੍ਰੌਪ ਬਾਕਸ** | 2 |
| **ਪ੍ਰਤਿਬੰਧਤ ਬੈਲਟ ਡ੍ਰੌਪ ਆਫ (ਕਰਮਚਾਰੀਆਂ ਵੱਲੋਂ ਲਗਾਏ ਗਏ ਬੈਲਟ ਬਾਕਸ)** | 4 |

ROV 0ਦਫ਼ਤਰ ਭਵਿੱਖ ਦੀਆਂ ਚੋਣਾਂ ਲਈ ਜ਼ਰੂਰਤਾਂ ਤੋਂ ਵੱਧਣਾ ਜਾਰੀ ਰੱਖੇਗਾ ਕਿਉਂਕਿ ਇਹ ਵੋਟਰਾਂ ਵਿੱਚ ਬੈਲਟ ਵਾਪਸ ਕਰਨ ਦਾ ਇੱਕ ਪ੍ਰਸਿੱਧ ਤਰੀਕਾ ਬਣ ਗਿਆ ਹੈ। ਮਤਦਾਨ ਪਾਉਣ ਦੇ ਤਰੀਕਿਆਂ ਵਿੱਚੋਂ (ਜਿਵੇਂ ਕਿ ਮੇਲ, ਡ੍ਰੌਪ ਬਾਕਸ ਜਾਂ ਵਿਅਕਤੀਗਤ ਤੌਰ ਤੇ), ਇਹ Stanislaus ਕਾਉਂਟੀ ਦੇ ਵੋਟਰਾਂ ਦੁਆਰਾ ਦੂਜੀ ਸਭ ਤੋਂ ਪ੍ਰਸਿੱਧ ਚੋਣ ਰਹੀ ਹੈ। 2024 ਦੇ ਚੋਣਾਂ ਲਈ, Turlock ਸ਼ਹਿਰ ਅਤੇ Patterson ਸ਼ਹਿਰ ਵਿੱਚ ਮੰਗਾਂ ਨੂੰ ਪੂਰਾ ਕਰਨ ਲਈ ਵਾਧੂ ਬਾਹਰੀ ਬੈਲਟ ਡ੍ਰੌਪ ਬਾਕਸ ਖਰੀਦੇ ਜਾਣਗੇ। ਅਸੈਂਬਲੀ ਬਿੱਲ 2815 ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਹੋਰ ਅੰਦਰੂਣੀ ਬੈਲਟ ਬਾਕਸ ਵੀ ਖਰੀਦੇ ਜਾਣਗੇ, ਜਿਸ ਲਈ ਸੂਬਾ ਵਿਆਪੀ ਪ੍ਰਾਇਮਰੀ ਅਤੇ ਸੂਬਾ ਵਿਆਪੀ ਆਮ ਚੋਣਾਂ ਲਈ ਅਧਿਕਾਰ ਖੇਤਰ ਦੇ ਅੰਦਰ ਹਰੇਕ California ਸੂਬਾ ਯੂਨੀਵਰਸਿਟੀ ਦੇ ਮੁੱਖ ਕੈਂਪਸ ਵਿੱਚ ਇੱਕ ਬੈਲਟ ਡ੍ਰੌਪ ਬਾਕਸ ਦੀ ਲੋੜ ਹੁੰਦੀ ਹੈ। ROV ਦਫਤਰ ਨੇ ਕਰਿਆਨੇ ਦੇ ਸਤੋਰ ਦੇ ਟਿਕਾਣਿਆਂ ਤੇ ਰੱਖੇ ਗਏ VBM ਦੀ ਮਾਤਰਾ ਨੂੰ ਸੰਭਾਲਣ ਲਈ ਹੋਰ ਅੰਦਰੂਨੀ ਬੈਲਟ ਬਾਕਸਾਂ ਦੀ ਜ਼ਰੂਰਤ ਨੂੰ ਵੀ ਨਿਰਧਾਰਤ ਕੀਤੀ ਹੈ।

## C. ਬੈਲਟ ਡ੍ਰੌਪ ਬਾਕਸ ਦੇ ਟਿਕਾਣੇ

§4005(a)(10)(I)(vi)(V)

Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦੇ ਦਫ਼ਤਰ ਨੇ ਜਾਣੀਆਂ-ਪਛਾਣੀਆਂ, ਪੂਰੀ ਤਰ੍ਹਾਂ ਪਹੁੰਚਯੋਗ ਸਹੂਲਤਾਂ ਵਿੱਚ ਡ੍ਰੌਪ-ਔਫ਼ ਬੌਕਸਾਂ ਨੂੰ ਸਥਾਪਿਤ ਕਰਨ ਲਈ ਭਾਈਚਾਰੇ ਨਾਲ ਭਾਗੀਦਾਰੀ ਕੀਤੀ ਹੈ। ਬੈਲਟ ਡ੍ਰੌਪ ਬਾਕਸ ਟਿਕਾਣਿਆਂ ਦੀ ਸਥਾਪਨਾ ਕਰਦੇ ਸਮੇਂ, ਕਾਰੋਬਾਰ ਜਾਂ ਸਹੂਲਤ ਖੁੱਲ੍ਹਣ ਵਾਲੇ ਘੰਟਿਆਂ, ਜਨਤਕ ਆਵਾਜਾਈ ਦੇ ਨੇੜੇ ਹੋਣ, ਡਾਕ ਦੀ ਵਰਤੋਂ ਦੁਆਰਾ ਘੱਟ ਵੋਟ ਵਾਲੇ ਖੇਤਰ ਅਤੇ ਭਾਸ਼ਾ ਅਲਪਸੰਖਿਅਕ ਭਾਈਚਾਰੇ ਤੇ ਵਿਚਾਰ ਕੀਤਾ ਜਾਂਦਾ ਹੈ, ਪਰ ਇਸ ਤੱਕ ਸੀਮਤ ਨਹੀਂ ਹੈ। ਡ੍ਰੌਪ ਬਾਕਸ ਟਿਕਾਣਿਆਂ ਦੀ ਸੂਚੀ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ, ਵ੍ਹੀਲਚੇਅਰ ਦੁਆਰਾ ਪਹੁੰਚਯੋਗਤਾ ਨੂੰ ਯਕੀਨੀ

ਬਣਾਉਣ ਲਈ ਹਰੇਕ ਦਾ ਸਰਵੇਖਣ ਕੀਤਾ ਜਾਂਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਬੈਲਟ ਡ੍ਰੌਪ ਬਾਕਸ ਹਮੇਸ਼ਾ ਵੋਟਰਾਂ ਲਈ ਯਾਤਰਾ ਦਾ ਇੱਕ ਸਪਸ਼ਟ ਬੇਰੋਕ ਮਾਰਗ ਹੋਵੇ, ਇਸਲਈ ਵਪਾਰ ਜਾਂ ਸੁਵਿਧਾਵਾਂ ਇੱਕ ਸਮਝੌਤੇ ਤੇ ਹਸਤਾਖਰ ਕਰਦੀਆਂ ਹਨ।

ਇਸ ਪ੍ਰਕਾਸ਼ਨ ਦੇ ਸਮੇਂ, 2024 ਦੇ ਚੋਣਾਂ ਲਈ ਬੈਲਟ ਡ੍ਰੌਪ ਬਾਕਸ ਟਿਕਾਣਿਆਂ ਦੀ ਪ੍ਰਕਿਰਿਆ ਜਾਰੀ ਹੈ। ਹੇਠਾਂ ਦਿੱਤਾ ਨਕਸ਼ਾ 2022 ਦੇ ਚੋਣਾਂ ਦੌਰਾਨ ਬੈਲਟ ਡ੍ਰੌਪ ਬਾਕਸ ਟਿਕਾਣਿਆਂ ਤੇ ਵੋਟਰਾਂ ਦੀ ਗਿਣਤੀ ਨੂੰ ਦਰਸ਼ਾਉਂਦਾ ਹੈ। ਇਸ ਡੇਟਾ ਦੀ ਵਰਤੋਂ Stanislaus ਕਾਉਂਟੀ ਵਿੱਚ ਲੋੜ ਵਾਲੇ ਖੇਤਰਾਂ ਵਿੱਚ ਬੈਲਟ ਡ੍ਰੌਪ ਬਾਕਸ ਸਥਾਪਤ ਕਰਨ ਲਈ ਕੀਤੀ ਜਾਵੇਗੀ।

| 2022 ਰਾਜ ਵਿਆਪੀ ਪ੍ਰਾਇਮਰੀ ਚੋਣ ਵੋਟ ਕੇਂਦਰ | |
|---|---|
| VC-01 | Carroll Fowler Elementary School |
| VC-02 | Ceres American Legion Hall |
| VC-03 | Denair Senior Center |
| VC-04 | Empire Library |
| VC-05 | United Samaritans Foundation Community Center |
| VC-06 | Keyes Community Center |
| VC-07 | American Legion Hall |
| VC-08 | Century Center |
| VC-09 | Freedom Elementary School |
| VC-10 | Girl Scouts Modesto Office |
| VC-11 | Grace Davis High School |
| VC-12 | King-Kennedy Memorial Center |
| VC-13 | Mancini Hall Senior Center |
| VC-14 | Martin G. Petersen Event Center |
| VC-15 | Modesto Csa Stanworks |
| VC-16 | Modesto Junior College West Campus |
| VC-17 | Stanislaus Veterans Center |
| VC-18 | L.J. Newman Memorial Building |
| VC-19 | Gene Bianchi Community Center |
| VC-20 | Stanislaus Culinary Arts Institute |
| VC-21 | Patterson Library |
| VC-22 | St. Frances Of Rome Church |
| VC-23 | Telecontact Resource Services |
| VC-24 | Salida Library |
| VC-25 | Assyrian American Civic Club |
| VC-26 | Hampton Inn By Hilton - Turlock |
| VC-27 | Turlock CSA South County Service Center |
| VC-28 | Turlock Senior Center |
| VC-29 | Waterford Community Center |

| 2022 ਰਾਜ ਵਿਆਪੀ ਪ੍ਰਾਇਮਰੀ ਚੋਣ ਬੈਲਟ ਡ੍ਰੌਪ ਬਾਕਸ ਟਿਕਾਣੇ | |
|---|---|
| DB-01 | Burchell Nursery |
| DB-02 | Ceres City Hall |
| DB-03 | Denair Library |
| DB-04 | Elections Main Office |
| DB-05 | Elections Main Office |
| DB-06 | Empire Library |
| DB-07 | Foodmaxx - Countryside |
| DB-08 | Foodmaxx - Briggsmore |
| DB-09 | Hughson City Hall |
| DB-10 | Keyes Library |
| DB-11 | Maxxvalue |
| DB-12 | Nob Hill Foods |
| DB-13 | Oakdale Library |
| DB-14 | O'Brien's Market - Roseburg |
| DB-15 | O'Brien's Market - Dale |
| DB-16 | O'Brien's Market - Oakdale Rd |
| DB-17 | Postal Connections |
| DB-18 | Raley's |
| DB-19 | Salida Library |
| DB-20 | Save Mart - Geer |
| DB-21 | Save Mart - "F" St |
| DB-22 | Save Mart - Whitmore |
| DB-23 | Save Mart - Sperry |
| DB-24 | Save Mart - Standiford |
| DB-25 | Stanislaus Veterans Center |
| DB-26 | Turlock City Hall |
| DB-27 | Waterford City Hall |

| 2022 ਰਾਜ ਵਿਆਪੀ ਪ੍ਰਾਇਮਰੀ ਚੋਣ ਪ੍ਰਤਿਬੰਧਤ ਡ੍ਰੌਪ ਆਫ | |
|---|---|
| CB-01 | California State University Stanislaus |
| CB-02 | Gallo Center for the Arts |
| CB-03 | John Thurman Field |
| CB-04 | Stanislaus Culinary Arts Institute |



## STANISLAUS ਕਾਉਂਟੀ

ਟਿਕਾਣੇ ਮੁਤਾਬਕ ਬੈਲਟ ਛੱਡੇ ਗਏ

2022 ਦੀਆਂ ਆਮ ਚੋਣਾਂ




| 2022 ਆਮ ਚੋਣ ਵੋਟ ਕੇਂਦਰ | |
|---|---|
| VC-01 | Ceres American Legion Hall |
| VC-02 | Hanline Elementary School |
| VC-03 | Denair Senior Center |
| VC-04 | Empire Library |
| VC-05 | United Samaritans Foundation Community Center |
| VC-06 | Keyes Community Center |
| VC-07 | Casa De Modesto |
| VC-08 | Century Center |
| VC-09 | Grace Davis High School |
| VC-10 | Hope Commons |
| VC-11 | King-Kennedy Memorial Center |
| VC-12 | Mancini Hall Senior Center |
| VC-13 | Martin G. Petersen Event Center |
| VC-14 | Modesto Csa Stanworks |
| VC-15 | Modesto Junior College West Campus |
| VC-16 | Stanislaus Veterans Center |
| VC-17 | Veterans Of Foreign Wars Modesto Post 3199 |
| VC-18 | L.J. Newman Memorial Building |
| VC-19 | Gene Bianchi Community Center |
| VC-20 | Stanislaus Culinary Arts Institute |
| VC-21 | Patterson Library |
| VC-22 | Riverbank Teen Center |
| VC-23 | St. Frances Of Rome Church |
| VC-24 | Salida Library |
| VC-25 | Comfort Suites - Turlock, |
| VC-26 | Hampton Inn By Hilton - Turlock |
| VC-27 | Turlock CSA South County Service Center |
| VC-28 | Turlock Library |
| VC-29 | Waterford Community Center |

| 2022 ਆਮ ਚੋਣ ਬੈਲਟ ਡ੍ਰੌਪ ਬਾਕਸ ਟਿਕਾਣੇ | |
|---|---|
| DB-01 | Burchell Nursery |
| DB-02 | Ceres City Hall |
| DB-03 | Denair Library |
| DB-04 | Elections Main Office |
| DB-05 | Elections Main Office |
| DB-06 | Empire Library |
| DB-07 | Foodmaxx Countryside |
| DB-08 | Foodmaxx - Briggsmore |
| DB-09 | Hughson City Hall |
| DB-10 | Keyes Library |
| DB-11 | Maxxvalue - Paradise |
| DB-12 | Oakdale Library |
| DB-13 | O'Brien's Market - Dale |
| DB-14 | O'Brien's Market - Oakdale Rd |
| DB-15 | O'Brien's Market - Roseburg |
| DB-16 | Postal Connections - Mchenry |
| DB-17 | Postal Connections - Tully |
| DB-18 | Salida Library |
| DB-19 | Save Mart - "F" St |
| DB-20 | Save Mart - Geer |
| DB-21 | Save Mart - Sperry |
| DB-22 | Save Mart - Standiford |
| DB-23 | Save Mart - Whitmore |
| DB-24 | Stanislaus Veterans Center |
| DB-25 | Turlock City Hall |
| DB-26 | Waterford City Hall |
| DB-27 | Yancey Home Center |

| 2022 ਆਮ ਚੋਣ ਪ੍ਰਤਿਬੰਧਤ ਡ੍ਰੌਪ ਆਫ | |
|---|---|
| CB-01 | California State University Stanislaus |
| CB-02 | Gallo Center for the Arts |
| CB-03 | Stanislaus Culinary Arts Institute |

### D. **ਬੈਲਟ ਡ੍ਰੌਪ ਬਾਕਸ ਦੀ ਸੁਰੱਖਿਆ**

ਜਨਤਾ ਲਈ ਉਪਲਬਧ ਹੋਣ ਤੋਂ ਪਹਿਲਾਂ ਬੈਲਟ ਬਾਕਸ ਸ਼ੁੱਕਰਵਾਰ ਨੂੰ ਸੁਵਿਧਾਵਾਂ ਵਿੱਚ ਪਹੁੰਚਾਏ ਜਾਂਦੇ ਹਨ। ਅੰਦਰੂਨੀ ਬੈਲਟ ਬਾਕਸ ਨੂੰ ਇੱਕ ਸਥਿਰ ਵਸਤੂ ਤੇ ਜੰਜ਼ੀਰਾਂ ਨਾਲ ਬੰਨ੍ਹਿਆ ਜਾਂਦਾ ਹੈ। ਸਿਰਫ਼ ROV ਦਫ਼ਤਰ ਦੇ ਕਰਮਚਾਰੀਆਂ ਕੋਲ ਹੀ ਕੁੰਜੀਆਂ ਤੱਕ ਪਹੁੰਚ ਹੁੰਦੀ ਹੈ ਜਿਸ ਨਾਲ ਅੰਦਰ ਪਏ ਬੈਲਟ ਤੱਕ ਪਹੁੰਚ ਦੀ ਇਜਾਜ਼ਤ ਹੈ। ਬਾਹਰੀ ਬੈਲਟ ਬਾਕਸ ਸਿਰਫ਼ 24 ਘੰਟੇ ਨਿਗਰਾਨੀ ਕੈਮਰਿਆਂ ਵਾਲੀਆਂ ਸਹੂਲਤਾਂ ਵਿੱਚ ਹੀ ਰੱਖੇ ਜਾਂਦੇ ਹਨ।

ਬੈਲਟ ਡ੍ਰੌਪ ਬਾਕਸ ਤੋਂ ਬੈਲਟ ਪਾਰਟ-ਟਾਈਮ ਚੋਣ ਕਲਰਕਾਂ ਦੀ ਦੋ-ਵਿਅਕਤੀਆਂ ਦੀ ਟੀਮ ਦੁਆਰਾ ਇਕੱਤਰ ਕੀਤੇ ਜਾਂਦੇ ਹਨ। ਹਰੇਕ ਬੈਲਟ ਕੁਲੈਕਟਰ ਨੂੰ ਹਰੇਕ ਚੋਣ ਤੋਂ ਪਹਿਲਾਂ ਸਿਖਲਾਈ ਦਿੱਤੀ ਜਾਂਦੀ ਹੈ, ਭਾਵੇਂ ਉਸਦੀ ਚੋਣਾਂ ਤੇ ਕੰਮ ਕਰਨ ਦੀ ਗਿਣਤੀ ਕਿੰਨੀ ਵੀ ਹੋਵੇ। ਸਿਖਲਾਈ ਦੌਰਾਨ, ਬੈਲਟ ਕੁਲੈਕਟਰ ਦਫ਼ਤਰ ਦੀ ਸਹੁੰ ਲੈਂਦੇ ਹਨ। ਸਿਖਲਾਈ ਵਿੱਚ ਬੈਲਟ ਬੈਗ ਨੂੰ ਸਹੀ ਢੰਗ ਨਾਲ ਹਟਾਉਣ ਅਤੇ ਸੀਲ ਕਰਨ, ਬੈਲਟ ਬਾਕਸ ਨੂੰ ਸੁਰੱਖਿਅਤ ਕਰਨ ਅਤੇ ਅਤੇ ਹਿਰਾਸਤ ਦੀਆਂ ਪ੍ਰਕਿਰਿਆਵਾਂ ਦੇ ਤਰੀਕੇ ਸ਼ਾਮਲ ਕੀਤੇ ਗਏ ਹਨ। ਬੈਲਟ ਡ੍ਰੌਪ ਬਾਕਸ ਸਾਈਟ ਤੇ ਪਹੁੰਚਣ ਤੇ, ਬੈਲਟ ਬਾਕਸ ਦੀ ਤੋੜਫੋੜ ਅਤੇ ਛੇੜਛਾੜ ਲਈ ਜਾਂਚ ਕੀਤੀ ਜਾਂਦੀ ਹੈ। Stanislaus ਕਾਉਂਟੀ ਵਿੱਚ ਬੈਲਟ ਕੁਲੈਕਟਰ ਬੈਲਟ ਬਾਕਸ ਦੇ ਅੰਦਰ ਬੈਲਟ ਨੂੰ ਨਹੀਂ ਛੂਹਣਗੇ। ਪ੍ਰੋਸੈਸਿੰਗ ਲਈ ROV ਮੁੱਖ ਦਫ਼ਤਰ ਨੂੰ ਡਿਲੀਵਰੀ ਕਰਨ ਤੋਂ ਪਹਿਲਾਂ ਉਹਨਾਂ ਨੂੰ ਸਿਰਫ਼ ਬੈਲਟ ਬੈਗ ਨੂੰ ਹਟਾਉਣ ਲਈ ਸਿਖਲਾਈ ਦਿੱਤੀ ਜਾਂਦੀ ਹੈ ਜਿਸ ਨੂੰ ਤੋੜ ਕੇ ਖੋਲ੍ਹਣ ਵਾਲੀ ਪ੍ਰਤੱਖ ਸੀਲ ਨਾਲ ਸੀਲ ਕੀਤਾ ਜਾਂਦਾ ਹੈ ROV ਮੁੱਖ ਦਫਤਰ ਤੇ ਸਟਾਫ ਦੁਆਰਾ ਸੀਲ ਨੰਬਰ ਲੌਗ ਅਤੇ ਤਸਦੀਕ ਕੀਤੇ ਗਏ ਹਨ।

## ਸੈਕਸ਼ਨ III - ਵੋਟਰ ਸੇਵਾਵਾਂ

### A. **ਭਾਸ਼ਾ ਸਬੰਧਤ ਸਹਾਇਤਾ**

§4005(a)(10)(I)(i)(V), §4005(a)(10)(I)(i)(V)

ROV ਦਫਤਰ ਭਾਸ਼ਾ ਅਲਪ-ਸੰਖਿਅਕ ਵੋਟਰਾਂ ਦੀ ਪਛਾਣ ਉਹਨਾਂ ਦੇ ਵੋਟਰ ਰਜਿਸਟ੍ਰੇਸ਼ਨ ਫਾਰਮ ਤੇ ਚੁਣੀ ਗਈ ਭਾਸ਼ਾ ਦੀ ਪ੍ਰਾਥਮਿਕਤਾ ਦੁਆਰਾ ਕਰਦਾ ਹੈ। ਵੋਟਰ ਦੀ ਭਾਸ਼ਾ ਦੀ ਪ੍ਰਾਥਮਿਕਤਾ ਨੂੰ ਚੋਣ ਪ੍ਰਬੰਧਨ ਸਿਸਟਮ ਵਿੱਚ ਵੋਟਰ ਦੇ ਰਿਕਾਰਡ ਵਿੱਚ ਦਰਜ ਕੀਤਾ ਜਾਂਦਾ ਹੈ। ਅਲਪ-ਸੰਖਿਅਕ ਭਾਸ਼ਾ ਵਾਲੇ ਵੋਟਰਾਂ ਆਪਣੀ ਭਾਸ਼ਾ ਤਰਜੀਹ ਨੂੰ ਦਰਸਾਉਣ ਲਈ Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦੇ ਦਫ਼ਤਰ ਨੂੰ ਈਮੇਲ ਜਾਂ ਕਾੱਲ ਵੀ ਕਰ ਸਕਦੇ ਹਨ। ਇਸਤੋਂ ਇਲਾਵਾ, ROV ਦਫ਼ਤਰ ਸੰਯੁਕਤ ਰਾਜ ਅਮਰੀਕਾ ਦੇ ਜਨਗਣਨਾ ਬਿਊਰੋ ਦੇ ਅਮਰੀਕਨ ਸਮੁਦਾਇਕ ਸਰਵੇਖਣ ਦੇ ਆਧਾਰ 'ਤੇ ਰਾਜ ਦੇ ਸਕੱਤਰ ਤੋਂ ਭਾਸ਼ਾ ਸਹਾਇਤਾ ਜ਼ਰੂਰਤ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਾਂ। ਮੌਜੂਦਾ ਅੰਕੜਿਆਂ ਦੇ ਆਧਾਰ ਤੇ, Stanislaus ਕਾਉਂਟੀ ਵਿੱਚ ਅਲਪ-ਸੰਖਿਅਕ ਭਾਸ਼ਾ ਵਾਲੇ ਸਮੂਹਾਂ ਵਿੱਚ ਅੱਸ਼ੂਰੀਅਨ, ਖਮੇਰ ਅਤੇ ਪੰਜਾਬੀ ਸ਼ਾਮਲ ਹਨ।

Stanislaus ਕਾਉਂਟੀ ਵਿੱਚ ਜ਼ਿਆਦਾਤਰ ਚੋਣਾਂ ਲਈ ਵੋਟਰਾਂ ਨੂੰ ਡਾਕ ਰਾਹੀਂ ਭੇਜੀ ਗਈ ਅਧਿਕਾਰਤ ਬੈਲਟ ਅਤੇ ਕਾਉਂਟੀ ਵੋਟਰ ਜਾਣਕਾਰੀ ਗਾਈਡ ਅੰਗਰੇਜ਼ੀ ਅਤੇ ਸਪੇਨੀ ਭਾਸ਼ਾ ਵਿੱਚ ਹੈ। ਜਿਵੇਂ ਕਿ ਜ਼ਿਕਰ ਕੀਤਾ ਗਿਆ ਹੈ, ਹਰੇਕ ਵੋਟ ਕੇਂਦਰ ਤੇ ਅੱਸ਼ੂਰੀਅਨ, ਖਮੇਰ ਅਤੇ ਪੰਜਾਬੀ ਭਾਸ਼ਾ ਵਿੱਚ ਪ੍ਰਤੀਰੂਪ ਬੈਲਟ ਉਪਲਬਧ ਹਨ ਪਰ ਇਸ ਲਈ ਹੇਠਾਂ ਦੱਸੇ ਤਰੀਕੇ ਦੁਆਰਾ ਵੀ ਬੇਨਤੀ ਕੀਤੀ ਜਾ ਸਕਦੀ ਹੈ:

1) ਡਾਕ: 1021 “I” St., Modesto, CA 95354 ਲਈ ਕਾਉਂਟੀ ਵੋਟਰ ਜਾਣਕਾਰੀ ਗਾਈਡ ਵਿੱਚ ਪੋਸਟਕਾਰਡ
2) ਕਾਲ ਕਰੋ: (209) 525-5200, ਟੋਲ-ਫ੍ਰੀ (833) 646-2136, ਟੋਲ-ਫ੍ਰੀ TTY (833) 646-2136
3) ਫੈਕਸ: (209) 525-5802
4) ਈਮੇਲ: stanvote@stancounty.com
5) ਚੋਣ ਦਫ਼ਤਰ ਦਾ ਦੌਰਾ ਕਰਨਾ

## B. ਪਹੁੰਚਯੋਗਤਾ ਲੋੜਾਂ ਵਾਲੇ ਵੋਟਰਾਂ ਲਈ ਸੇਵਾਵਾਂ

### ਬੈਲਟ ਨੂੰ ਬਦਲਣ ਲਈ ਬੇਨਤੀ ਕਰਨਾ

§4005(a)(10)(I)(ii)

ਅਪਾਹਜ ਵੋਟਰਾਂ ਸਮੇਤ ਸਾਰੇ ਵੋਟਰ ਇਸ ਦੁਆਰਾ ਬੈਲਟ ਨੂੰ ਬਦਲਣ ਦੀ ਬੇਨਤੀ ਕਰ ਸਕਦੇ ਹਨ:

1) ਡਾਕ: ਬੈਲਟ ਵਾਪਸ ਭੇਜਣ ਦੇ ਲਿਫਾਫੇ ਤੇ ਖਰਾਬ ਹੋਏ ਬਕਸੇ ਨਾਲ ਨਿਸ਼ਾਨਬੱਧ ਹੋਏ ਲਿਫਾਫੇ ਤੇ ਨਿਰਦੇਸ਼ਾਂ ਦੀ ਪਾਲਣਾ ਕਰੋ
2) ਕਾਲ ਕਰੋ: (209) 525-5200, ਟੋਲ-ਫ੍ਰੀ (833) 646-2136, ਟੋਲ-ਫ੍ਰੀ TTY (833) 646-2136
3) ਚੋਣ ਦਫ਼ਤਰ ਜਾਂ ਵੋਟ ਕੇਂਦਰ ਦਾ ਦੌਰਾ ਕਰਨਾ

ਚੋਣਾਂ ਤੋਂ ਸੱਤ ਦਿਨ ਪਹਿਲਾਂ ਇਹ ਯਕੀਨੀ ਬਣਾਉਣ ਲਈ ਕਿ ਇਹ ਵੋਟਰ ਤੱਕ ਪਹੁੰਚੇ, ਆਖਰੀ ਵਾਰ ਬਦਲਿਆ ਹੋਇਆ ਡਾਕ ਰਾਹੀਂ ਵੋਟ ਬੈਲਟ ਡਾਕ ਰਾਹੀਂ ਭੇਜਿਆ ਜਾ ਸਕਦਾ ਹੈ। ਅਪਾਹਜ ਵੋਟਰ ਨਿੱਜੀ ਤੌਰ ਤੇ ਅਤੇ ਸੁਤੰਤਰ ਤੌਰ ਤੇ ਸਹਾਇਕ ਬੈਲਟ ਨੂੰ ਨਿਸ਼ਾਨਬੱਧ ਕਰਨ ਵਾਲੇ ਡਿਵਾਇਸ ਦੀ ਵਰਤੋਂ ਕਰਦੇ ਹੋਏ ਬਦਲਵਾਂ ਬੈਲਟ ਪ੍ਰਾਪਤ ਕਰਨ ਲਈ ਕਿਸੇ ਵੀ ਵੋਟ ਕੇਂਦਰ ਤੇ ਵੀ ਜਾ ਸਕਦੇ ਹਨ।

### ਪਹੁੰਚਯੋਗ ਡਾਕ ਰਾਹੀਂ ਵੋਟ ਬੈਲਟ ਲਈ ਬੇਨਤੀ ਕਰਨਾ

§4005(a)(8)(B)(iii)

ਡਾਕ ਰਾਹੀਂ ਦੂਰ ਦੀ ਪਹੁੰਚਯੋਗ ਵੋਟ (Remote Accessible Vote by Mail, RAVBM) ਸਿਸਟਮ ਰਜਿਸਟਰਡ ਵੋਟਰਾਂ ਨੂੰ ਇਲੈਕਟ੍ਰਾਨਿਕ ਤਰੀਕੇ ਨਾਲ ਵੋਟਰ ਗਾਈਡ ਅਤੇ ਬੈਲਟ ਪ੍ਰਦਾਨ ਕਰਦਾ ਹੈ। ਕਾਨੂੰਨ ਨੇ ਅਨੁਸਾਰ, ਸਾਰੇ ਰਜਿਸਟਰਡ ਵੋਟਰ RAVBM ਦੀ ਵਰਤੋਂ ਕਰਨ ਦੇ ਯੋਗ ਹਨ। RAVBM ਅਪਾਹਜ ਵਿਅਕਤੀਆਂ ਨੂੰ ਸੁਤੰਤਰ ਅਤੇ ਨਿੱਜੀ ਤੌਰ ਤੇ ਵੋਟ ਪਾਉਣ ਲਈ ਆਪਣੇ ਖੁਦ ਦੇ ਪਹੁੰਚਯੋਗਤਾ ਪ੍ਰੋਗਰਾਮਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੰਦਾ ਹੈ। RAVBM ਕਿਸੇ ਵੀ ਵੋਟਰ ਲਈ ਜੋ ਯਾਤਰਾ ਕਰ ਰਿਹਾ ਹੈ, ਜਿਸਦਾ ਬੈਲਟ ਗੁੰਮ ਹੋ ਗਿਆ ਹੈ ਜਾਂ ਖਰਾਬ ਹੋ ਗਿਆ ਹੈ, ਜਾਂ ਬੈਲਟ ਪ੍ਰਾਪਤ ਨਹੀਂ ਕੀਤਾ, ਉਹਣਾਂ ਨੂੰ ਵੋਟਿੰਗ ਵਿਕਲਪ ਵੀ ਪ੍ਰਦਾਨ ਕਰਦਾ ਹੈ।

ਇਹਣਾਂ ਬੈਲਟ ਨੂੰ ਚਿੰਨ੍ਹਿਤ ਕੀਤਾ ਜਾ ਸਕਦਾ ਹੈ, ਪ੍ਰਿੰਟ ਕੀਤਾ ਜਾ ਸਕਦਾ ਹੈ ਅਤੇ ਚੋਣ ਦਫ਼ਤਰ ਨੂੰ ਵਾਪਸ ਭੇਜਿਆ ਜਾ ਸਕਦਾ ਹੈ। ਵੋਟਰ ਡਾਉਨਲੋਡ ਪੈਕੇਜ ਵਿੱਚ ਇੱਕ ਲਿਫ਼ਾਫ਼ੇ ਦੀ ਵਰਤੋਂ ਕਰਕੇ ਜਾਂ ਡਾਕ ਬੈਲਟ ਦੁਆਰਾ ਵੋਟ ਦੇ ਨਾਲ ਭੇਜੇ ਗਏ ਵਾਪਸੀ ਵਾਲੇ ਲਿਫ਼ਾਫ਼ੇ ਦੀ ਵਰਤੋਂ ਕਰਕੇ ਲਿਫ਼ਾਫ਼ੇ ਨੂੰ ਵਾਪਸ ਕਰ ਸਕਦੇ ਹਨ। ਵੋਟਰਾਂ ਨੂੰ ਜਾਰੀ ਕੀਤੇ ਗਏ ਬੈਲਟ ਰਿਟਰਨ ਲਿਫ਼ਾਫ਼ੇ ਵਿੱਚ ਸਰਕੂਲਰ ਮੰਗ-ਪੱਤਰ ਹੁੰਦੇ ਹਨ। ਮੰਗ-ਪੱਤਰ ਦ੍ਰਿਸ਼ਟੀਹੀਣਤਾ ਵਾਲੇ ਵੋਟਰਾਂ ਲਈ ਦਸਤਖਤ ਲਾਈਨ ਦਾ ਪਤਾ ਲਗਾਉਣ ਅਤੇ ਸਹੀ ਥਾਂ ਤੇ ਦਸਤਖਤ ਕਰਨ ਲਈ ਇੱਕ ਮਾਰਗਦਰਸ਼ਕ ਹੁੰਦੇ ਹਨ। ਵੋਟਰ ਦਸਤਖਤ ਵਾਲੇ ਬੈਲਟ ਲਿਫ਼ਾਫ਼ੇ ਨੂੰ ਡਾਕ ਰਾਹੀਂ, ਬੈਲਟ ਡ੍ਰੌਪ ਬਾਕਸ ਜਾਂ ਵੋਟ ਕੇਂਦਰ ਤੇ ਵਾਪਸ ਕਰਨ ਦੀ ਚੋਣ ਕਰ ਸਕਦੇ ਹਨ।

RAVBM ਬਾਰੇ ਜਾਣਕਾਰੀ ਕਾਉਂਟੀ ਵੋਟਰ ਜਾਣਕਾਰੀ ਗਾਈਡ ਅਤੇ ਵਿਭਾਗ ਦੀ ਵੈੱਬਸਾਈਟ ਤੇ ਦਿੱਤੀ ਗਈ ਹੈ। ਵਿਭਾਗ ਦੀ ਵੈੱਬਸਾਈਟ www.stanvote.com ਤੇ ਜਾ ਕੇ RAVBM ਸਿਸਟਮ ਤੱਕ ਪਹੁੰਚ ਕੀਤੀ ਜਾ ਸਕਦੀ ਹੈ। RAVBM ਵੈਬਪੇਜ ਵਿੱਚ ਨਿਰਦੇਸ਼, ਮਦਦਗਾਰ ਖੋਜ ਸੁਝਾਅ ਅਤੇ ਸਿਸਟਮ ਦੀਆਂ ਲੋੜਾਂ ਸ਼ਾਮਲ ਹਨ।

ਰਜਿਸਟਰਡ ਵੋਟਰ ਇੱਕ ਡੈਮੋ ਵੋਟਰ ਗਾਈਡ ਅਤੇ ਬੈਲਟ ਦੀ ਵਰਤੋਂ ਕਰਕੇ ਹੇਠ ਦਿੱਤੇ ਤਰੀਕੀਆਂ ਨਾਲ RAVBM ਸਿਸਟਮ ਨੂੰ ਅਜ਼ਮਾਉਣ ਲਈ ਬੇਨਤੀ ਕਰ ਸਕਦੇ ਹਨ:

1) ਈਮੇਲ: stanvote@stancounty.com
   ਵਿਸ਼ਾ ਲਾਈਨ ਵਿੱਚ "RAVBM demonstration" (RAVBM ਡੈਮੋ) ਸ਼ਬਦਾਂ ਦੀ ਵਰਤੋਂ ਕਰੋ ਅਤੇ ਈਮੇਲ ਦੇ ਮੁੱਖ ਭਾਗ ਵਿੱਚ ਕਿਰਪਾ ਕਰਕੇ RAVBM ਡੈਮੋ ਵੈੱਬਸਾਈਟ ਦੇ ਲਿੰਕ ਲਈ ਬੇਨਤੀ ਕਰੋ।
2) ਕਾਲ ਕਰੋ: 209-525-5201 ਜਾਂ ਟੋਲ-ਫ੍ਰੀ TTY 833-646-2136 ਅਤੇ ਵੋਟਿੰਗ ਰਜਿਸਟ੍ਰੇਸ਼ਨ ਨਿਰੀਖਕ ਜਾਂ ਪ੍ਰਬੰਧਕ ਨੂੰ ਲਿੰਕ ਈਮੇਲ ਕਰਨ ਲਈ ਕਹੋ।

RAVBM ਕੋਲ ਬਹੁਤ ਸਾਰੇ ਸੁਰੱਖਿਆ ਉਪਾਅ ਹਨ, ਜਿਸ ਵਿੱਚ ਸ਼ਾਮਲ ਹਨ:

- ਸਿਰਫ਼ ਰਜਿਸਟਰਡ ਵੋਟਰ ਹੀ RAVBM ਤੱਕ ਪਹੁੰਚ ਕਰ ਸਕਦੇ ਹਨ।
- ਬੈਲਟ ਲਿਫਾਫੇ ਤੇ ਹਰੇਕ ਦਸਤਖਤ ਦੀ ਪੁਸ਼ਟੀ ਕੀਤੀ ਜਾਂਦੀ ਹੈ ਅਤੇ ਬਾਕੀ ਸਾਰੇ VBM ਬੈਲਟ ਵਾਂਗ ਹੀ ਪ੍ਰਕਿਰਿਆ ਕੀਤੀ ਜਾਂਦੀ ਹੈ।
- ਜੇਕਰ ਕੋਈ ਵੋਟਰ ਇੱਕ ਤੋਂ ਵੱਧ ਬੈਲਟ ਵਾਪਸ ਕਰਦਾ ਹੈ, ਤਾਂ ਕੰਪਿਊਟਰ ਸਿਸਟਮ ਸਿਰਫ਼ ਪਹਿਲੇ ਨੂੰ ਹੀ ਸਵੀਕਾਰ ਕਰੇਗਾ। ਕਿਸੇ ਵੀ ਵਾਧੂ ਬੈਲਟ ਨੂੰ ਰੱਦ ਕਰ ਦਿੱਤਾ ਜਾਵੇਗਾ।
- ਤੁਹਾਡੀ ਗੋਪਨੀਯਤਾ ਨੂੰ ਯਕੀਨੀ ਬਣਾਉਣ ਲਈ, RAVBM ਇਹ ਸਟੋਰ ਨਹੀਂ ਕਰਦਾ ਹੈ ਕਿ ਵੋਟਰ ਨੇ ਵੋਟ ਕਿਵੇਂ ਪਾਈਆ ਹੈ।
- ਸੂਬਾ ਸਾਰੇ RAVBM ਸਿਸਟਮ ਦੀ ਜਾਂਚ ਕਰਦਾ ਹੈ ਅਤੇ ਪ੍ਰਮਾਣਿਤ ਕਰਦਾ ਹੈ।

# ਸੈਕਸ਼ਨ IV - ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ

§4005(a)(10)(I)(i), §4005(a)(10)(I)(vii), §4005(a)(10)(I)(i)(IV)

ROV ਦਫਤਰ ਵੋਟਰਾਂ ਨੂੰ ਕਾਉਂਟੀ ਦੇ ਵੋਟਿੰਗ ਮਾਡਲ ਬਾਰੇ ਬਿਹਤਰ ਜਾਣਕਾਰੀ ਦੇਣ ਲਈ ਆਪਣੇ ਭਾਈਚਾਰਕ ਮੌਜੂਦਗੀ ਦਾ ਵਿਸਤਾਰ ਕਰਨਾ ਜਾਰੀ ਰੱਖੇਗਾ। ਇਸ ਵਿੱਚ ਵੋਟ ਕੇਂਦਰ ਅਤੇ ਬੈਲਟ ਡ੍ਰੌਪ ਬਾਕਸ ਸਥਾਨਾਂ, ਵੋਟ ਕੇਂਦਰਾਂ ਤੇ ਦਿੱਤੀਆਂ ਜਾਂਦੀਆਂ ਵੋਟਰ ਸੇਵਾਵਾਂ ਬਾਰੇ ਜਾਣਕਾਰੀ, ਅਤੇ ਅਪਾਹਜ ਵੋਟਰਾਂ ਅਤੇ ਸਥਾਨਕ ਭਾਸ਼ਾ ਅਲਪ-ਸੰਖਿਅਕ ਸਮੂਹਾਂ ਲਈ ਖਾਸ ਕੀਮਤੀ ਜਾਣਕਾਰੀ ਸ਼ਾਮਲ ਹੈ। ROV ਦਫਤਰ ਜਨਤਾ ਨੂੰ ਸ਼ਾਮਲ ਕਰਨ ਅਤੇ ਜਾਣਕਾਰੀ ਵੰਡਣ ਲਈ ਵੱਖ-ਵੱਖ ਹਿੱਸੇਦਾਰਾਂ ਨਾਲ ਭਾਈਵਾਲੀ ਕਰਨਾ ਜਾਰੀ ਰੱਖੇਗਾ। ਇਸ ਵਿੱਚ ਸ਼ਾਮਲ ਹਨ:

- ਕਾਉਂਟੀ ਸਲਾਹਕਾਰ ਕਮੇਟੀਆਂ - ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) ਅਤੇ ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC)
- ਸਥਾਨਕ ਸੇਵਾ ਸੰਸਥਾਵਾਂ
- ਹੋਰ ਕਾਉਂਟੀ ਵਿਭਾਗ ਅਤੇ ਵੱਖ-ਵੱਖ ਜਨਤਕ ਅਤੇ ਸਰਕਾਰੀ ਏਜੰਸੀਆਂ

ਇਸ ਤੋਂ ਇਲਾਵਾ, ROV ਦਫਤਰ ਪੂਰੀ ਕਾਉਂਟੀ ਵਿੱਚ ਆਪਣੀ ਪਹੁੰਚ ਨੂੰ ਹੋਰ ਵਧਾਉਣ ਲਈ ਵੱਖ-ਵੱਖ ਸਾਧਨਾਂ ਦੀ ਵਰਤੋਂ ਕਰੇਗਾ। ਇਸ ਵਿੱਚ ਸ਼ਾਮਲ ਹਨ:

- ਸਿੱਧਾ ਡਾਕ ਰਾਹੀਂ
- ਸੋਸ਼ਲ ਮੀਡੀਆ
- ਵਿਭਾਗ ਦੀ ਵੈੱਬਸਾਈਟ
- ਅਖਬਾਰਾਂ
- ਟੀਵੀ ਅਤੇ ਰੇਡੀਓ

- ਜਨਤਕ ਸੇਵਾ ਘੋਸ਼ਣਾਵਾਂ
- ਪ੍ਰਿੰਟ ਕੀਤੀ ਸਿੱਖਿਅਕ ਸਮੱਗਰੀ (ਜਿਵੇਂ ਕਿ ਫਲਾਇਰ, ਪੋਸਟਰ, ਬਰੋਸ਼ਰ, ਆਦਿ)
- ਭਾਈਚਾਰਕ ਸਮਾਗਮਾਂ ਵਿੱਚ ਸ਼ਾਮਲ ਹੋਣਾ
- ਵਰਕਸ਼ਾਪ ਅਤੇ ਸਿਖਲਾਈਆਂ ਦੀ ਮੇਜ਼ਬਾਨੀ ਕਰਨਾ
- ਜਨਤਕ ਪੇਸ਼ਕਾਰੀਆਂ

ROV ਦਫਤਰ ਵੋਟਰ ਸਿੱਖਿਆ ਅਤੇ ਪਹੁੰਚ ਤੇ ਲੋੜੀਂਦੇ ਸਰੋਤਾਂ ਦੀ ਵਰਤੋ ਕਰੇਗਾ ਤਾਂ ਜੋ ਵੋਟਰਾਂ ਨੂੰ ਸੂਚਿਤ ਕੀਤਾ ਜਾ ਸਕੇ। ROV ਦਫਤਰ Stanislaus ਕਾਉਂਟੀ ਦੇ ਸੂਚਨਾ ਤਕਨੀਕੀ ਵਿਭਾਗ ਨਾਲ ਕੰਮ ਕਰੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਿਭਾਗ ਦੀ ਵੈੱਬਸਾਈਟ www.stanvote.com ਪਹੁੰਚਯੋਗਤਾ ਲੋੜਾਂ ਨੂੰ ਪੂਰਾ ਕਰਦੀ ਹੈ।

ਵਿਭਾਗ ਦੀ ਵੈੱਬਸਾਈਟ, ਟੋਲ-ਫ੍ਰੀ TTY ਵੋਟਰ ਸਹਾਇਤਾ ਹਾਟਲਾਈਨ ਅਤੇ ਈਮੇਲ ਸਮੇਤ ਸਿੱਖਿਅਕ ਸਮੱਗਰੀ ਅਤੇ ਮੀਡੀਆ ਮੁਹਿੰਮ ROV ਦਫ਼ਤਰ ਦੀ ਸੰਪਰਕ ਜਾਣਕਾਰੀ ਵੀ ਪ੍ਰਦਰਸ਼ਿਤ ਕਰੇਗੀ। ਬੋਲ਼ੇ ਅਤੇ ਘੱਟ ਸੁਣਨ ਵਾਲੇ ਵੋਟਰਾਂ ਲਈ ROV ਦਫ਼ਤਰ ਦਾ ਟੋਲ-ਫ੍ਰੀ TTY ਹੌਟਲਾਈਨ ਸਾਲ ਭਰ ਚੱਲਦਾ ਹੈ।

VCA ਮਾਡਲ ਦੀਆਂ ਲੋੜਾਂ ਅਤੇ ਜਨਤਕ ਫੀਡਬੈਕ ਦੇ ਆਧਾਰ ਤੇ, ROV ਦਫਤਰ ਨੇ ਆਉਣ ਵਾਲੀਆਂ ਚੋਣਾਂ ਦੀ ਤਿਆਰੀ ਲਈ ਜਨਤਾ ਅਤੇ ਸਿੱਖਿਅਕ ਸਮੱਗਰੀਆਂ ਨਾਲ ਸੰਚਾਰ ਵਿੱਚ ਸ਼ਾਮਲ ਕਰਨ ਲਈ ਮੈਸੇਜਿੰਗ ਪੁਆਇੰਟ ਵਿਕਸਿਤ ਕੀਤੇ ਹਨ। ਮੈਸੇਜਿੰਗ ਪੁਆਇੰਟ ਦਾ ਉਦੇਸ਼ VCA ਮਾਡਲ ਬਾਰੇ ਜਾਗਰੂਕਤਾ ਵਧਾਉਣਾ, ਜਾਣਕਾਰੀ ਸਾਂਝੀ ਕਰਨਾ ਹੈ ਤਾਂ ਜੋ ਵੋਟਰ ਤਿਆਰ ਹੋ ਸਕਣ ਅਤੇ ਗਲਤ ਜਾਣਕਾਰੀ ਅਤੇ ਗਲਤ ਸੂਚਨਾ ਬਾਰੇ ਪਤਾ ਲੱਗ ਸਕੇ। ਮੈਸੇਜਿੰਗ ਪੁਆਇੰਟ ਵਿੱਚ ਸ਼ਾਮਲ ਹਨ:

- ਚੋਣਾਂ ਵਾਲੇ ਦਿਨ ਲਾਈਨਾਂ ਤੋਂ ਬਚਣ ਲਈ ਜਲਦੀ ਵੋਟ ਕਰੋ।
- ਸਿਖਰ ਦੇ ਦੋ ਉਮੀਦਵਾਰ ਓਪਨ ਪ੍ਰਾਇਮਰੀ ਐਕਟ - ਵੋਟਰਾਂ ਨੂੰ 2024 ਦੇ ਰਾਸ਼ਟਰਪਤੀਦੇ ਦੇ ਪ੍ਰਾਇਮਰੀ ਚੋਣ ਲਈ ਪੱਖਪਾਤੀ ਬੈਲਟ ਪ੍ਰਾਪਤ ਹੋਣਗੇ। ਚੋਟੀ ਦੇ ਦੋ ਉਮੀਦਵਾਰ ਫਿਰ 2024 ਦੇ ਰਾਸ਼ਟਰਪਤੀਦੇ ਆਮ ਚੋਣ ਬੈਲਟ ਤੇ ਦਿਖਾਈ ਦੇਣਗੇ।
- ਪਹੁੰਚਯੋਗਤਾ ਜਾਂ ਭਾਸ਼ਾ ਸਹਾਇਤਾ ਲੋੜਾਂ ਵਾਲੇ ਵੋਟਰਾਂ ਲਈ ਵਿਸ਼ੇਸ਼ ਸੇਵਾਵਾਂ। ਇਸ ਵਿੱਚ ਡਾਕ ਦੁਆਰਾ ਰਿਮੋਟ ਪਹੁੰਚ ਵੋਟ, ਟੱਚਰਾਈਟਰ ਡਿਵਾਇਸ ਅਤੇ ਵੋਟ ਕੇਂਦਰਾਂ ਤੇ ਕਾਲ ਘੰਟੀਆਂ ਅਤੇ ਪ੍ਰਤਿਰੂਪ ਬੈਲਟ ਸ਼ਾਮਲ ਹਨ।
- ਡਾਕ ਰਾਹੀਂ ਵੋਟ ਦੀ ਪ੍ਰਕਿਰਿਆ ਕਿਵੇਂ ਕੀਤੀ ਜਾਂਦੀ ਹੈ।
- ਸੁਰੱਖਿਆ ਉਪਾਅ ਕਿਉਂਕਿ ਇਹ ਵੋਟਿੰਗ ਡਿਵਾਇਸ ਅਤੇ ਬੈਲਟ ਪ੍ਰਬੰਧਨ ਨਾਲ ਸਬੰਧਤ ਹਨ।

ਹਰ ਚੋਣ ਤੋਂ ਬਾਅਦ, ROV ਦਫਤਰ ਮੈਸੇਜਿੰਗ ਪੁਆਇੰਟਸ ਨੂੰ ਅਪਡੇਟ ਕਰਨ ਲਈ ਫੀਡਬੈਕ ਅਤੇ ਵੋਟਰ ਰੁਝਾਨਾਂ ਦੀ ਸਮੀਖਿਆ ਕਰਨਾ ਜਾਰੀ ਰੱਖੇਗਾ।

## A. ਭਾਈਚਾਰਕ ਸਬੰਧ

### ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC)

§4005(a)(9)(A), §4005(a)(10)(I)(iii)

ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) ਦਾ ਉਦੇਸ਼ ਮੌਜੂਦਾ ਚੋਣ ਕਾਨੂੰਨਾਂ ਦੇ ਪ੍ਰਬੰਧਾਂ ਦੇ ਅੰਦਰ ਸੀਮਤ ਅੰਗਰੇਜ਼ੀ ਮੁਹਾਰਤ ਵਾਲੇ ਵੋਟਰਾਂ ਲਈ ਚੋਣ ਪ੍ਰਕਿਰਿਆ ਨੂੰ ਬਿਹਤਰ ਬਣਾਉਣ ਵਿੱਚ ROV ਦਫਤਰ ਦੀ ਸਹਾਇਤਾ ਕਰਨਾ ਹੈ। VAAC ਮੈਂਬਰ ਵੋਟਰਾਂ ਦੀ ਭਾਗੀਦਾਰੀ ਨੂੰ ਬਿਹਤਰ ਬਣਾਉਣ ਦੇ ਤਰੀਕਿਆਂ ਬਾਰੇ ਸਲਾਹ ਦਿੰਦੇ ਹਨ ਅਤੇ ਵੋਟਰਾਂ ਦੀ ਭਾਗੀਦਾਰੀ ਵਿੱਚ ਮਹੱਤਵਪੂਰਨ ਅਸਮਾਨਤਾਵਾਂ ਨੂੰ ਦੂਰ ਕਰਨ ਦੇ ਤਰੀਕਿਆਂ ਦੀ ਪਛਾਣ ਕਰਦੇ ਹਨ।

ਜਨਤਕ ਸਲਾਹ-ਮਸ਼ਵਰੇ ਦੀਆਂ ਮੀਟਿੰਗਾਂ ਦੌਰਾਨ ਅਨੁਵਾਦ ਲਈ ਫੀਡਬੈਕ ਅਤੇ ਸਹਾਇਤਾ ਪ੍ਰਦਾਨ ਕਰਨ ਲਈ LAAC ਵੀ EAP ਪ੍ਰਕਿਰਿਆ ਵਿੱਚ ਸ਼ਾਮਲ ਕੀਤਾ ਗਿਆ ਹੈ। ਵਰਤਮਾਨ ਮੈਂਬਰ ਉਹਨਾਂ ਸਮੁਦਾਇਕ ਸੰਸਗਠਨਾਂ ਦਾ ਹਿੱਸਾ ਹਨ ਜੋ ਖਾਸ ਭਾਸ਼ਾ ਅਲਪ-ਸੰਖਿਅਕ ਭਾਈਚਾਰਿਆਂ ਦੀ ਨੁਮਾਇੰਦਗੀ ਅਤੇ ਮੁਹਾਰਤ ਪ੍ਰਦਾਨ ਕਰਦੇ ਹਨ। ਕਮਿਊਨਿਟੀ ਸੰਸਥਾਵਾਂ ਵਿੱਚ ਅਸੂਰੀਅਨ (ਸੀਰੀਏਕ) American Civic Club, El Concilio, Jakara Movement ਅਤੇ Stanislaus Asian American Community Resource ਸ਼ਾਮਲ ਹਨ। LAAC ਪ੍ਰਤੀ ਤਿਮਾਹੀ ਵਿੱਚ ਇੱਕ ਵਾਰ ਮਿਲਦੇ ਹਨ। ਦਿਲਚਸਪੀ ਰੱਖਣ ਵਾਲੇ ਅਤੇ ਪ੍ਰਤੀਬੱਧ ਜਨਤਾ ਦੇ ਸੱਦਸਾਂ ਨੂੰ LAAC ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਅਰਜ਼ੀ ਕਿਵੇਂ ਦੇਣੀ ਹੈ ਇਸ ਬਾਰੇ ਜਾਣਕਾਰੀ www.stanvote.com ਤੇ "Get Involved" (ਸ਼ਾਮਲ ਹੋਵੋ) ਟੈਬ ਦੇ ਅਧੀਨ ਉਪਲਬਧ ਹੈ।

ਜੂਨ 2021 ਵਿੱਚ LAAC ਦੀ ਸਥਾਪਨਾ ਤੋਂ ਬਾਅਦ, ROV ਦਫ਼ਤਰ ਨੇ ਭਾਸ਼ਾ ਅਲਪ-ਸੰਖਿਅਕ ਭਾਈਚਾਰਿਆਂ ਨਾਲ ਸਬੰਧ ਬਣਾਏ ਹਨ ਜੋ ਭਵਿੱਖ ਦੀਆਂ ਚੋਣਾਂ ਦੌਰਾਨ ਜਾਰੀ ਰਹਿਣਗੇ। ਮੀਟਿੰਗਾਂ ਨੇ ROV ਦਫਤਰ ਨੂੰ ਵੋਟਰ ਸਿੱਖਿਆ ਦੇ ਪ੍ਰਭਾਵਸ਼ਾਲੀ ਯਤਨਾਂ ਨੂੰ ਕਿਵੇਂ ਬਣਾਉਣਾ ਹੈ ਬਾਰੇ ਸਿੱਖਣ ਦਾ ਮੌਕਾ ਪ੍ਰਦਾਨ ਕੀਤਾ ਹੈ। ਆਗਾਮੀ ਚੋਣਾਂ ਲਈ, LAAC ਸੱਦਸ ROV ਦਫਤਰ ਦੀ ਹੇਠ ਦਿੱਤੇ ਤਰੀਕੀਆਂ ਨਾਲ ਮਦਦ ਕਰ ਰਹੇ ਹਨ:

- ਸਥਾਨਕ ਨਸਲੀ ਸਟੋਰਾਂ ਤੇ ਵੰਡੇ ਜਾਣ ਵਾਲੇ ਵਿਦਿਅਕ ਫਲਾਇਰਾਂ ਅਤੇ ਪੋਸਟਰਾਂ ਦਾ ਵਿਕਾਸ ਕਰਨਾ।
- ਦੋਭਾਸ਼ੀ ਚੋਣ ਕਰਮਚਾਰੀਆਂ ਦੀ ਭਰਤੀ।
- ਵੋਟਰਾਂ ਨੂੰ VCA ਮਾਡਲ ਅਤੇ ਭਾਸ਼ਾ ਸਹਾਇਤਾ ਸੇਵਾਵਾਂ ਬਾਰੇ ਸੂਚਿਤ ਕਰਨ ਲਈ ਪਹੁੰਚ ਇਵੈਂਟ ਨੂੰ ਨਿਯਤ ਕਰਨਾ।

## ਵੋਟਰ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC)

§4005(a)(9)(B), §4005(a)(10)(I)(iii)

ਮਤਦਾਨ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) ਦਾ ਉਦੇਸ਼ ROV ਦਫ਼ਤਰ ਨੂੰ ਅਪਾਹਜ ਵੋਟਰਾਂ ਲਈ ਚੋਣ ਪ੍ਰਕਿਰਿਆ ਨੂੰ ਬਿਹਤਰ ਬਣਾਉਣ ਵਾਸਤੇ ਸਲਾਹ ਦੇਣਾ ਅਤੇ ਸਹਾਇਤਾ ਕਰਨਾ ਹੈ। VAAC ਮੈਂਬਰ ਵੋਟਰਾਂ ਦੀ ਪਹੁੰਚ ਅਤੇ ਭਾਗੀਦਾਰੀ ਨੂੰ ਬਿਹਤਰ ਬਣਾਉਣ ਦੇ ਤਰੀਕਿਆਂ ਬਾਰੇ ਸਲਾਹ ਦਿੰਦੇ ਹਨ ਅਤੇ ਵੋਟਰਾਂ ਦੀ ਭਾਗੀਦਾਰੀ ਵਿੱਚ ਮਹੱਤਵਪੂਰਨ ਅਸਮਾਨਤਾਵਾਂ ਨੂੰ ਦੂਰ ਕਰਨ ਦੇ ਤਰੀਕਿਆਂ ਦੀ ਪਛਾਣ ਕਰਦੇ ਹਨ। ਕਾਉਂਟੀ ਦੇ VAAC ਵਿੱਚ ਸਰਗਰਮੀ ਨਾਲ ਭਾਗ ਲੈਣ ਵਾਲੀਆਂ ਭਾਈਚਾਰਕ ਸੰਸਥਾਵਾਂ ਵਿੱਚ Disability Rights California, National Federation of the Blind, Visually Impaired Persons Support, Disability Resource Agency for Independent Living, West Modesto Community Collaborative, CSU Stanislaus' Disability Services ਅਤੇ Modesto Junior College Disability Services ਸ਼ਾਮਲ ਹਨ।

VAAC ਪ੍ਰਤੀ ਤਿਮਾਹੀ ਵਿੱਚ ਇੱਕ ਵਾਰ ਮਿਲਦੇ ਹਨ। ਜਨਤਾ ਦੇ ਇਛੁੱਕ ਵਾਲੇ ਅਤੇ ਪ੍ਰਤੀਬੱਧ ਸੱਦਸਾਂ ਨੂੰ VAAC ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਅਰਜ਼ੀ ਕਿਵੇਂ ਦੇਣੀ ਹੈ ਇਸ ਬਾਰੇ ਜਾਣਕਾਰੀ www.stanvote.com ਤੇ "Get Involved" (ਸ਼ਾਮਲ ਹੋਵੋ) ਟੈਬ ਦੇ ਅਧੀਨ ਉਪਲਬਧ ਹੈ।

VAAC ਦੀ ਸਥਾਪਨਾ ਪਹਿਲੀ ਵਾਰ 2021 ਵਿੱਚ ਕੀਤੀ ਗਈ ਸੀ ਅਤੇ ਇਸਨੇ ROV ਦਫ਼ਤਰ ਦੀ VCA ਮਾਡਲ ਅਤੇ ਅਪਾਹਜ ਵੋਟਰਾਂ ਲਈ ਸੇਵਾਵਾਂ ਬਾਰੇ ਅਪਾਹਜ ਭਾਈਚਾਰੇ ਨੂੰ ਸਿੱਖਿਅਤ ਕਰਨ ਦੇ ਤਰੀਕਿਆਂ ਵਿੱਚ ਸੁਧਾਰ ਕਰਨ ਵਿੱਚ ਮਦਦ ਕੀਤੀ ਹੈ। VAAC ਨੇ ਵੋਟ ਕੇਂਦਰਾਂ ਤੇ ਪ੍ਰਕਿਰਿਆਵਾਂ ਨੂੰ ਬਿਹਤਰ ਬਣਾਉਣ, ਵੈੱਬਸਾਈਟ ਨੂੰ ਅੱਪਡੇਟ ਕਰਨ ਲਈ ਸਿਫ਼ਾਰਸ਼ਾਂ ਕਰਨ ਅਤੇ EAP ਤੇ ਫੀਡਬੈਕ ਪ੍ਰਦਾਨ ਕਰਨ ਵਿੱਚ ਵੀ ਮਦਦ ਕੀਤੀ ਹੈ। ਆਗਾਮੀ ਚੋਣਾਂ ਲਈ, VAAC ਸੱਦਸ ROV ਦਫਤਰ ਦੀ ਹੇਠ ਦਿੱਤੇ ਤਰੀਕੀਆਂ ਨਾਲ ਮਦਦ ਕਰ ਰਹੇ ਹਨ:

- ਵੋਟ ਕੇਂਦਰਾਂ ਤੇ ਕਾਲ ਘੰਟੀਆਂ ਨਾਲ ਸਬੰਧਤ ਵਧੇਰੀ ਪ੍ਰਭਾਵਸ਼ਾਲੀ ਪ੍ਰਕਿਰਿਆਵਾਂ ਦਾ ਵਿਕਾਸ ਕਰਨਾ
- ਅਪਾਹਜ ਵੋਟਰਾਂ ਲਈ ਵੋਟਰ ਸੇਵਾਵਾਂ ਬਾਰੇ ਵਿਭਾਗ ਦੀ ਵੈੱਬਸਾਈਟ ਤੇ ਉਪਲਬਧ ਜਾਣਕਾਰੀ ਨੂੰ ਬਿਹਤਰ ਬਣਾਉਣਾ।
- ਵੋਟਰਾਂ ਨੂੰ VCA ਮਾਡਲ ਅਤੇ ਅਯੋਗ ਵੋਟਰਾਂ ਨੂੰ ਵੋਟਰ ਸੇਵਾਵਾਂ ਬਾਰੇ ਜਾਗਰੂਕ ਕਰਨ ਲਈ ਪਹੁੰਚਯੋਗ ਵਰਕਸ਼ਾਪ/ਈਵੈਂਟ ਦਾ ਸਮਾਂ ਨਿਯਤ ਕਰਨਾ।

### ਹੋਰ ਭਾਗੀਦਾਰਾਂ ਅਤੇ ਅਸਮਾਨਤਾਵਾਂ ਨੂੰ ਸੰਬੋਧਿਤ ਕਰਨਾ

§4005(a)(10)(I)(iii)

VCA ਮਾਡਲ ਦੇ ਤਹਿਤ ਚੋਣਾਂ ਕਰਵਾਉਣ ਅਤੇ ਵੋਟਰਾਂ ਦੀ ਭਾਗੀਦਾਰੀ ਵਿੱਚ ਅਸਮਾਨਤਾਵਾਂ ਨੂੰ ਦੂਰ ਕਰਨ ਲਈ ਵੱਖ-ਵੱਖ ਹਿੱਸੇਦਾਰਾਂ, ਸਥਾਨਕ ਸੇਵਾ ਸੰਸਥਾਵਾਂ, ਹੋਰ ਕਾਉਂਟੀ ਵਿਭਾਗਾਂ ਅਤੇ ਵੱਖ-ਵੱਖ ਜਨਤਕ ਅਤੇ ਸਰਕਾਰੀ ਏਜੰਸੀਆਂ ਦੇ ਸਹਿਯੋਗ ਦੀ ਲੋੜ ਹੁੰਦੀ ਹੈ। ਆਗਾਮੀ ਚੋਣਾਂ ਲਈ ਵੋਟ ਕੇਂਦਰਾਂ ਅਤੇ ਡ੍ਰੌਪ ਬਾਕਸ ਟਿਕਾਣਿਆਂ ਦੀ ਸਥਾਪਨਾ ਕਰਨ ਲਈ, ROV ਦਫ਼ਤਰ ਲਾਇਬ੍ਰੇਰੀ, ਆਮ ਸੇਵਾਵਾਂ ਏਜੰਸੀ ਅਤੇ ਭਾਈਚਾਰਕ ਸੇਵਾਵਾਂ ਏਜੰਸੀ ਸਮੇਤ ਹੋਰ ਕਾਉਂਟੀ ਵਿਭਾਗਾਂ ਨਾਲ ਭਾਗੀਦਾਰੀ ਕਰਨਾ ਜਾਰੀ ਰੱਖੇਗਾ। ROV ਦਫਤਰ ਸਰਕਾਰੀ ਸੰਸਥਾਵਾਂ ਨਾਲ ਕੰਮ ਕਰਨਾ ਵੀ ਜਾਰੀ ਰੱਖੇਗਾ ਜਿਸ ਵਿੱਚ ਸ਼ਹਿਰ ਕਲਰਕ ਦਫ਼ਤਰ ਅਤੇ Stanislaus ਕਾਉਂਟੀ ਸਿੱਖਿਆ ਦਫ਼ਤਰ ਵੀ ਸ਼ਾਮਿਲ ਹੈ। ਇਹਨਾਂ ਸੰਸਥਾਵਾਂ ਕੋਲ ਅਕਸਰ ਵੋਟਰਾਂ ਵੱਲੋਂ ਜਾਣੂ ਸਹੂਲਤਾਂ ਵਿੱਚ ਆਬਾਦੀ ਕੇਂਦਰਾਂ ਵਿੱਚ ਖਾਲੀ ਥਾਂਵਾਂ ਹੁੰਦੀਆਂ ਹਨ ਅਤੇ ਪਹੁੰਚਯੋਗਤਾ ਲੋੜਾਂ ਪੂਰੀਆਂ ਹੁੰਦੀਆਂ ਹਨ। Stanislaus ਕਾਉਂਟੀ ਸੂਚਨਾ ਤਕਨੀਕ ਵੀ ਵੋਟ ਕੇਂਦਰਾਂ ਤੇ ਤਕਨਾਲੋਜੀ ਅਤੇ ਸੁਰੱਖਿਆ ਦੇ ਸੈੱਟਅੱਪ ਵਿੱਚ ROV ਦਫ਼ਤਰ ਦੀ ਸਹਾਇਤਾ ਕਰਦੀ ਹੈ।

ਹਰੇਕ ਚੋਣਾਂ ਤੋਂ ਬਾਅਦ, ROV ਦਫ਼ਤਰ ਚੋਣ ਕਰਮਚਾਰੀਆਂ ਨਾਲ ਇੱਕ ਵਿਆਖਿਆ ਕਰਨੀ ਤਹਿ ਕਰਦਾ ਹੈ। ਚੋਣ ਕਰਮਚਾਰੀ ਵੋਟ ਕੇਂਦਰ ਦੀਆਂ ਪ੍ਰਕਿਰਿਆਵਾਂ ਅਤੇ ਟਿਕਾਣਿਆਂ ਬਾਰੇ ਬਹੁਮੁੱਲੀ ਫੀਡਬੈਕ ਪ੍ਰਦਾਨ ਕਰਦੇ ਹਨ। ਜਾਣਕਾਰੀ ਨੂੰ ਲੋੜ ਅਨੁਸਾਰ EAP ਨੂੰ ਅੱਪਡੇਟ ਕਰਨ, ਚੋਣ ਕਰਮਚਾਰੀਆਂ ਦੀ ਸਿਖਲਾਈ ਵਿੱਚ ਸੁਧਾਰ ਕਰਨ, ਅਤੇ ROV ਦੀ ਵੋਟਰ ਸਿੱਖਿਆ ਯੋਜਨਾ ਨੂੰ ਮਜ਼ਬੂਤ ਕਰਨ ਲਈ ਇਕੱਠੀ ਕੀਤੀ ਜਾਂਦੀ ਹੈ।

ROV ਦਫ਼ਤਰ ਰਾਸ਼ਟਰੀ ਵੋਟਰ ਰਜਿਸਟ੍ਰੇਸ਼ਨ ਐਕਟ (National Voter Registration Act, NVRA) ਏਜੰਸੀ ਅਤੇ ਕਾਉਂਟੀ ਦਾ ਸ਼ੈਰਿਫ ਵਿਭਾਗ ਦੇ ਸਟਾਫ ਨੂੰ ਸਿਖਲਾਈ ਦੀ ਪੇਸ਼ਕਸ਼ ਕਰਨਾ ਜਾਰੀ ਰੱਖੇਗਾ ਤਾਂ ਜੋ ਉਹਨਾਂ ਨੂੰ ਅਪਰਾਧਿਕ ਇਤਿਹਾਸ ਵਾਲੇ ਵਿਅਕਤੀਆਂ ਦੇ ਵੋਟਿੰਗ ਅਧਿਕਾਰਾਂ ਬਾਰੇ ਲਗਾਤਾਰ ਸੂਚਿਤ ਕੀਤਾ ਜਾ ਸਕੇ। ਸਿਖਲਾਈਆਂ ਵਿੱਚ VCA ਮਾਡਲ ਬਾਰੇ ਮੁੱਖ ਤੱਥ ਅਤੇ ਵੋਟਰ ਰਜਿਸਟ੍ਰੇਸ਼ਨ ਕਾਰਡਾਂ ਨੂੰ ਪੂਰਾ ਕਰਨ ਵਿੱਚ ਦੂਜਿਆਂ ਦੀ ਮਦਦ ਕਰਨ ਦੇ ਤਰੀਕੇ ਨੂੰ ਸ਼ਾਮਲ ਕੀਤਾ ਗਿਆ ਹੈ। ROV ਦਫਤਰ ਰਿਫਰੈਸ਼ਰ ਸਿਖਲਾਈ ਪ੍ਰਦਾਨ ਕਰਨ ਅਤੇ ਵੋਟਰ ਰਜਿਸਟ੍ਰੇਸ਼ਨ ਕਾਰਡਾਂ ਦੀ ਸਪਲਾਈ ਨੂੰ ਬਰਕਰਾਰ ਰੱਖਣ ਲਈ ਸ਼ੈਰਿਫ ਵਿਭਾਗ ਨਾਲ ਸੰਪਰਕ ਰੱਖਦਾ ਹੈ। VCA ਮਾਡਲ ਦੇ ਮੁੱਖ ਤੱਥਾਂ, ਵੋਟਰਾਂ ਦੇ ਅਧਿਕਾਰਾਂ ਅਤੇ ਪਹੁੰਚਯੋਗਤਾ ਸੇਵਾਵਾਂ ਨੂੰ ਕਵਰ ਕਰਨ ਵਾਲੀ ਵੋਟਰ ਸਿੱਖਿਆ ਸਮੱਗਰੀ ਸਥਾਨਕ ਬੇਘਰ ਆਸਰੀਆਂ, ਅਤੇ ਬਜ਼ੁਰਗ ਅਤੇ ਸਹਾਇਤਾ ਪ੍ਰਾਪਤ ਰਹਿਣ ਵਾਲੀਆਂ ਸਹੂਲਤਾਂ ਨੂੰ ਡਾਕ ਰਾਹੀਂ ਭੇਜੀ ਜਾਵੇਗੀ।

## B. ਪਹੁੰਚ ਅਤੇ ਸਿੱਖਿਆ ਦੇ ਯਤਨ

### ਜਨਤਕ ਸਲਾਹ-ਮਸ਼ਵਰੇ ਸੰਬੰਧੀ ਮੀਟਿੰਗਾਂ

§4005(a)(10)(A)

2021 ਵਿੱਚ, ROV ਦਫ਼ਤਰ ਨੇ ਸੂਬੇ ਦੇ ਸਕੱਤਰ ਦੇ ਦਫ਼ਤਰ ਨੂੰ EAP ਜਮ੍ਹਾਂ ਕਰਾਉਣ ਤੋਂ ਪਹਿਲਾਂ, ਕਾਨੂੰਨ ਦੁਆਰਾ ਲੋੜ ਅਨੁਸਾਰ ਜਨਤਕ ਸਲਾਹ-ਮਸ਼ਵਰੇ ਮੀਟਿੰਗਾਂ ਕੀਤੀਆਂ। ROV ਦਫਤਰ ਇਸ ਨਵੀਨੀਕਰਨ EAP ਲਈ 2023 ਵਿੱਚ ਵੀ ਅਜਿਹਾ ਹੀ ਕਰੇਗਾ। ਕਾਉਂਟੀ ਦੀ ਹਰੇਕ ਸੰਘੀ ਅਤੇ ਸੂਬੇ ਦੀਆਂ ਲੋੜੀਂਦੀਆਂ ਭਾਸ਼ਾਵਾਂ ਜਿਸ ਵਿੱਚ ਸਪੇਨੀ, ਪੰਜਾਬੀ, ਖਮੇਰ ਅਤੇ ਅਸੂਰੀਅਨ (ਸੀਰੀਆਕ) ਸ਼ਾਮਲ ਹਨ, ਲਈ ਇੱਕ ਜਨਤਕ ਤੌਰ ਤੇ ਨੋਟਿਸ ਕੀਤੀ ਸਲਾਹ-ਮਸ਼ਵਰਾ ਮੀਟਿੰਗ ਨਿਯਤ ਕੀਤੀ ਜਾਵੇਗੀ। ਪੂਰੇ ਕਾਉਂਟੀ ਵਿੱਚ ਮੀਟਿੰਗਾਂ ਕੀਤੀਆਂ ਜਾਣਗੀਆਂ, ਖਾਸ ਤੌਰ ਤੇ ਉਹਨਾਂ ਖੇਤਰਾਂ ਵਿੱਚ ਜਿੱਥੇ ਇਹ ਭਾਸ਼ਾ ਅਲਪ-ਸੰਖਿਅਕ ਭਾਈਚਾਰੇ ਦੀ ਸਭ ਤੋਂ ਵੱਧ ਬਹੁਤਾਤ ਹੈ। ROV ਦਫ਼ਤਰ ਨੂੰ ਸਵਾਲਾਂ ਦੇ ਜਵਾਬ ਦੇਣ ਅਤੇ ਫੀਡਬੈਕ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਇਹਨਾਂ ਭਾਸ਼ਾਵਾਂ ਲਈ ਇੱਕ ਅਨੁਵਾਦਕ ਵੀ ਉਪਲਬਧ ਹੋਵੇਗਾ।

ਇੱਕ ਜਨਤਕ ਤੌਰ ਤੇ ਦੇਖੀ ਜਾਣ ਵਾਲੀ ਸਲਾਹ-ਮਸ਼ਵਰੇ ਦੀ ਮੀਟਿੰਗ ਅਪਾਹਜ ਦੇ ਭਾਈਚਾਰਿਆਂ ਦੇ ਪ੍ਰਤੀਨਿਧਾਂ, ਵਕੀਲਾਂ ਅਤੇ ਹਿੱਸੇਦਾਰਾਂ ਲਈ ਵੀ ਨਿਯਤ ਕੀਤੀ ਜਾਵੇਗੀ। ਸਹਾਇਕ ਬੈਲਟ ਮਾਰਕਿੰਗ ਡਿਵਾਇਸ, ਟੱਚ ਰਾਈਟਰ, ਅਤੇ RAVBM ਸਿਸਟਮ ਜਨਤਾ ਨੂੰ ਡੈਮੋ ਦੇਣ ਲਈ ਮੀਟਿੰਗ ਵਿੱਚ ਉਪਲਬਧ ਹੋਣਗੇ।

ਇਹਨਾਂ ਸਮਾਗਮਾਂ ਬਾਰੇ ਅਨੁਸੂਚੀ ਦਾ ਐਲਾਨ ਮੀਟਿੰਗ ਦੀ ਤਾਰੀਖ਼ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਕੀਤਾ ਜਾਵੇਗਾ ਅਤੇ "Public Notices" (ਜਨਤਕ ਨੋਟਿਸ) ਦੇ ਤਹਿਤ www.stanvote.com ਤੇ ਪੋਸਟ ਕੀਤਾ ਜਾਵੇਗਾ। ਵਿਅਕਤੀਆਂ ਨੂੰ ਕੋਈ ਵੀ ਟਿੱਪਣੀਆਂ ਜਾਂ ਚਿੰਤਾਵਾਂ ਪ੍ਰਦਾਨ ਕਰਨ ਦਾ ਮੌਕਾ ਦੇਣ ਲਈ ਮੀਟਿੰਗਾਂ ਵਿੱਚ ਫੀਡਬੈਕ ਫਾਰਮ ਵੀ ਪ੍ਰਦਾਨ ਕੀਤੇ ਜਾਣਗੇ। ਇਸ ਨਵੀਨੀਕ੍ਰਿਤ EAP ਦਾ ਖਾਕਾ ਹਰੇਕ ਜਨਤਕ ਸਲਾਹ-ਮਸ਼ਵਰੇ ਦੀ ਮੀਟਿੰਗ ਤੋਂ ਪਹਿਲਾਂ www.stanvote.com ਤੇ ਪੋਸਟ ਕੀਤਾ ਜਾਵੇਗਾ ਤਾਂ ਜੋ ਬਾਦ ਵਿੱਚ ਜਨਤਕ ਫੀਡਬੈਕ ਲਈ ਇਹ ਪਹੁੰਚਯੋਗ ਹੋਵੇ।

## ਸਿੱਧੇ ਤੌਰ 'ਤੇ ਵੋਟਰਾਂ ਨਾਲ ਸੰਪਰਕ ਕਰਨਾ

§4005(a)(10)(I)(i)(X)

ਵੋਟਰ ਦਫਤਰ ਦਾ Stanislaus ਕਾਉਂਟੀ ਰਜਿਸਟਰਾਰ ਵੋਟਰਾਂ ਨੂੰ ਆਉਣ ਵਾਲੀਆਂ ਚੋਣਾਂ ਬਾਰੇ ਸੂਚਿਤ ਕਰਨ ਦੇ ਉਦੇਸ਼ਾਂ ਲਈ ਇੱਕ ਪੋਸਟਕਾਰਡ ਡਾਕ ਰਾਹੀਂ ਵੋਟਰਾਂ ਨਾਲ ਦੋ ਸਿੱਧੇ ਸੰਪਰਕ ਕਰੇਗਾ। ਹਰੇਕ ਪੋਸਟਕਾਰਡ ਵਿੱਚ ਟੋਲ-ਫ੍ਰੀ TTY ਵੋਟਰ ਸਹਾਇਤਾ ਹਾਟਲਾਈਨ ਸਮੇਤ ROV ਦਫਤਰ ਦੀ ਸੰਪਰਕ ਜਾਣਕਾਰੀ ਸ਼ਾਮਲ ਹੋਵੇਗੀ। ਇਹਨਾਂ ਪੋਸਟਕਾਰਡਾਂ ਦੇ ਨਮੂਨੇ ਅੰਤਿਕਾ A ਅਤੇ B ਵਿੱਚ ਦਿਖਾਏ ਗਏ ਹਨ।

ਡਾਕ ਰਾਹੀਂ ਭੇਜਿਆ ਗਿਆ ਪਹਿਲਾ ਪੋਸਟਕਾਰਡ ਵੋਟਰਾਂ ਨੂੰ ਹੇਠ ਦਿੱਤੇ ਦੀ ਯਾਦ ਦਿਵਾਏਗਾ:

- ਆਗਾਮੀ ਚੋਣਾਂ ਦੀ ਮਿਤੀ ਅਤੇ ਡਾਕ ਰਾਹੀਂ ਬੈਲਟ ਕਦੋਂ ਭੇਜਿਆ ਜਾਵੇਗਾ।
- ਆਪਣੀ ਵੋਟ ਵਾਪਸ ਕਰਨ ਦੇ ਵਿਕਲਪ।
- ਰਾਸ਼ਟਰਪਤੀ ਦੀ ਪ੍ਰਾਥਮਿਕ ਚੋਣਾਂ ਲਈ, ਪੋਸਟਕਾਰਡ ਇਹ ਵਿਆਖਿਆ ਕਰੇਗਾ ਕਿ ਵੋਟਰਾਂ ਨੂੰ ਪੱਖਪਾਤੀ ਬੈਲਟ ਪ੍ਰਾਪਤ ਹੋਣਗੇ ਅਤੇ ਜੇਕਰ ਲੋੜੀਂਦੀ ਹੋਵੇ ਤੇ ਆਪਣੀ ਰਜਿਸਟ੍ਰੇਸ਼ਨ ਦੀ ਸਮੀਖਿਆ ਅਤੇ ਅਪਡੇਟ ਕਰਨ ਬਾਰੇ ਹਦਾਇਤਾਂ ਦਿੱਤੀਆਂ ਜਾਣਗੀਆਂ।

ਡਾਕ ਰਾਹੀਂ ਭੇਜਿਆ ਗਿਆ ਦੂਜੇ ਪੋਸਟਕਾਰਡ ਵਿੱਚ ਹੇਠ ਦਿੱਤਾ ਸ਼ਾਮਲ ਹੋਵੇਗਾ:

- ਆਪਣੀ ਵੋਟ ਵਾਪਸ ਕਰਨ ਦੇ ਵਿਕਲਪ।
- ਵੋਟ ਕੇਂਦਰਾਂ, ਬੈਲਟ ਡ੍ਰੌਪ ਬਾਕਸ ਅਤੇ ਪ੍ਰਤਿਬੰਧਤ ਬੈਲਟ ਡ੍ਰੌਪ-ਆਫ ਟਿਕਾਣਿਆਂ ਸਮੇਤ ਵੋਟਿੰਗ ਟਿਕਾਣਿਆਂ ਦੀ ਪੂਰੀ ਸੂਚੀ। ਸੂਚੀ ਵਿੱਚ ਹਰੇਕ ਸਾਈਟ ਦੇ ਪਤੇ ਅਤੇ ਕਾਰੋਬਾਰੀ ਘੰਟਿਆਂ ਦਾ ਵੇਰਵਾ ਹੈ।

## ਪਹੁੰਚ ਸਮਾਗਮਾਂ, ਵਰਕਸ਼ਾਪਾਂ, ਅਤੇ ਪੇਸ਼ਕਾਰੀਆਂ

§4005(a)(10)(I)(i)(VI)(ia), §4005(a)(10)(I)(i)(VI)(ib)

ROV ਦਫ਼ਤਰ ਉਪਰੋਕਤ ਮੈਸੇਜਿੰਗ ਬਿੰਦੂਆਂ ਨੂੰ ਪ੍ਰਦਾਨ ਕਰਨ ਲਈ ਕਾਉਂਟੀ ਵਿੱਚ ਵੱਖ-ਵੱਖ ਭਾਈਚਾਰਕ ਸਮਾਗਮਾਂ ਵਿੱਚ ਸ਼ਾਮਲ ਹੋਵੇਗਾ। ROV ਦਫ਼ਤਰ 2024 ਦੇ ਚੋਣਾਂ ਤੋਂ ਪਹਿਲਾਂ ਪਹੁੰਚ ਸਮਾਗਮਾਂ ਅਤੇ ਵਰਕਸ਼ਾਪਾਂ ਦੀ ਗਿਣਤੀ ਨੂੰ ਵਧਾਉਣ ਦੀ ਯੋਜਨਾ ਬਣਾ ਰਿਹਾ ਹੈ ਕਿਉਂਕਿ ਹੋਰ ਵਿਅਕਤੀਗਤ ਸਮਾਗਮਾਂ ਨੂੰ ਨਿਯਤ ਕੀਤਾ ਗਿਆ ਹੈ ਅਤੇ COVID-19 ਪ੍ਰੋਟੋਕੋਲ ਨੂੰ ਘਟਾ ਦਿੱਤਾ ਗਿਆ ਹੈ। ਕਾਉਂਟੀ ਦੇ ਸਿੱਖਿਆ ਅਤੇ ਪਹੁੰਚਯੋਗ ਯਤਨਾਂ ਵਿੱਚੋਂ, ਭਾਈਚਾਰਕ ਸਮਾਗਮਾਂ, ਵਰਕਸ਼ਾਪਾਂ ਅਤੇ ਪੇਸ਼ਕਾਰੀਆਂ ਵੋਟਰਾਂ ਦੇ ਸਵਾਲਾਂ ਅਤੇ ਚਿੰਤਾਵਾਂ ਨੂੰ ਹੱਲ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਰਿਹਾ ਹੈ। ਇਹ ਯਤਨ ROV ਦਫ਼ਤਰ ਅਤੇ ਕਾਉਂਟੀ ਵੋਟਰਾਂ ਵਿੱਚਕਾਰ ਸਿੱਧੀ ਗੱਲਬਾਤ ਨੂੰ ਉਤਸ਼ਾਹਿਤ ਕਰਦੇ ਹਨ। ਵੋਟਰਾਂ ਦੇ ਸਵਾਲਾਂ ਨੂੰ ਸੁਣਨਾ ਅਤੇ ਉਹਨਾਂ ਦੀਆਂ ਚਿੰਤਾਵਾਂ ਨੂੰ ਸਮਝਣਾ ਮੀਡੀਆ ਮੁਹਿੰਮਾਂ, ਜਨਤਕ ਸੇਵਾ ਘੋਸ਼ਣਾਵਾਂ ਅਤੇ ਸੋਸ਼ਲ ਮੀਡੀਆ ਪੋਸਟਾਂ ਲਈ ਪ੍ਰਭਾਵੀ ਮੈਸੇਜਿੰਗ ਬਿੰਦੂ ਬਣਾਉਣ ਵਿੱਚ ਮਦਦ ਕਰਦਾ ਹੈ।

ਹੇਠਾਂ ਦਿੱਤੀ ਸੂਚੀ ਉਹਨਾਂ ਸਮਾਗਮਾਂ ਨੂੰ ਦਰਸ਼ਾਉਂਦਾ ਹੈ ਜਿੱਥੇ ROV ਦਫ਼ਤਰ 2022 ਦੇ ਚੋਣਾਂ ਦੌਰਾਨ ਸ਼ਾਮਲ ਸੀ। ROV ਦਫਤਰ ਕਮਿਊਨਿਟੀ ਦੀ ਮੌਜੂਦਗੀ ਨੂੰ ਵਧਾਉਣ, ਵੋਟਰਾਂ ਨੂੰ VCA ਮਾਡਲ ਅਤੇ ਵੋਟਰ ਸੇਵਾਵਾਂ ਬਾਰੇ ਸਿੱਖਿਅਤ ਕਰਨ ਅਤੇ ਦੋਭਾਸ਼ੀ ਚੋਣ ਕਰਮਚਾਰੀਆਂ ਦੀ ਭਰਤੀ ਕਰਨ ਲਈ ਇੱਕੋ ਜਿਹੇ ਪਹੁੰਚਯੋਗ ਸਮਾਗਮਾਂ ਵਿੱਚ ਸ਼ਾਮਲ ਹੋਣ ਦੀ ਯੋਜਨਾ ਬਣਾਉਂਦਾ ਹੈ।

| 2022 ਆਊਟਰੀਚ ਇਵੈਂਟਸ | ਤਾਰੀਖ | ਟਿਕਾਣਾ |
|---|---|---|
| Ceres Gurdwara | 2/13/2022 | 5743 E Hatch Rd Hughson |
| Modesto Farmers' Market | 4/7/2022 | 16th St. Modesto |
| ਪੁਰਤਗਾਲੀ ਤਿਉਹਾਰ | 4/9/2022 | Stan. Co. Fairgrounds Turlock |
| Turlock Gurdwara | 4/10/2022 | 1373 5th St. Turlock |
| ਵੱਖ-ਵੱਖ ਨਸਲ ਦੇ ਲੋਕਾਂ ਦੀ ਤਰੱਕੀ ਲਈ ਰਾਸ਼ਟਰੀ ਸੰਗਠਨ (National Association for the Advancement of Colored People, NAACP) ਵਿਦਿਆਰਥੀ ਗ੍ਰੈਜੂਏਟ ਇਵੈਂਟ | 5/27/2022 | Modesto Centre Plaza |
| West Modesto Community Collaborative Health Fair Clinic | 9/24/2022 | King-Kennedy Memorial Center |

ਇਸ ਪ੍ਰਕਾਸ਼ਨ ਦੇ ਸਮੇਂ, ROV ਦਫ਼ਤਰ ਨੇ 2023 ਵਿੱਚ ਹੇਠਾਂ ਦਿੱਤੇ ਆਊਟਰੀਚ ਸਮਾਗਮਾਂ ਨੂੰ ਨਿਯਤ ਕੀਤਾ ਹੈ:

| 2022 ਆਊਟਰੀਚ ਇਵੈਂਟਸ | ਤਾਰੀਖ | ਟਿਕਾਣਾ |
|---|---|---|
| El Concilio Job Fair | 3/8/2023 | 1314 H St., Modesto |
| Latino Community Roundtable Luncheon | 3/16/2023 | Red Event Center, Modesto |
| ਪੁਰਤਗਾਲੀ ਤਿਉਹਾਰ | 4/22/2023 | Stan. Co. Fairgrounds Turlock |

ROV ਦਫ਼ਤਰ ਯੋਗ ਵੋਟਰਾਂ ਦੀ ਪਹੁੰਚ ਅਤੇ ਭਾਗੀਦਾਰੀ ਨੂੰ ਵਧਾਉਣ ਲਈ ਵੋਟਰ ਸਿੱਖਿਆ ਵਰਕਸ਼ਾਪ ਦੀ ਮੇਜ਼ਬਾਨੀ ਕਰਨ ਲਈ ਉਪਰੋਕਤ ਭਾਗੀਦਾਰਾਂ ਨਾਲ ਭਾਈਵਾਲੀ ਕਰਨਾ ਜਾਰੀ ਰੱਖੇਗਾ। ਵਰਕਸ਼ਾਪਾਂ ਵਿੱਚ VCA ਮਾਡਲ, ਭਾਸ਼ਾ ਅਲਪ-ਸੰਖਿਅਕ ਸਮੂਹਾਂ ਲਈ ਵੋਟਰ ਸੇਵਾਵਾਂ ਬਾਰੇ ਸਿੱਖਿਆ ਅਤੇ ਅਪਾਹਜ ਵੋਟਰਾਂ ਦੀ ਵਿਆਖਿਆ ਕਰਨ ਵਾਲੀ ਇੱਕ ਪੇਸ਼ਕਾਰੀ ਅਤੇ ਵੋਟਿੰਗ ਡਿਵਾਇਸ ਦਾ ਡੈਮੋ ਸ਼ਾਮਲ ਹੋਵੇਗਾ। ਹੇਠਾਂ ਦਿੱਤੀ ਸੂਚੀ 2022 ਦੇ ਚੋਣਾਂ ਦੌਰਾਨ ROV ਦਫ਼ਤਰ ਦੁਆਰਾ ਆਯੋਜਿਤ ਕੀਤੇ ਗਏ ਸਮਾਗਮਾਂ ਨੂੰ ਦਰਸ਼ਾਉਂਦੀ ਹੈ।

| 2022 ਵਰਕਸ਼ਾਪਾਂ | ਤਾਰੀਖ | ਟਿਕਾਣਾ |
|---|---|---|
| ਵੋਟਰ ਸਿੱਖਿਆ ਵਰਕਸ਼ਾਪ - Riverbank | 1/6/2022 | St. Frances of Rome |
| ਵੋਟਰ ਸਿੱਖਿਆ ਵਰਕਸ਼ਾਪ - Turlock | 1/11/2022 | Turlock Library |
| ਵੋਟਰ ਸਿੱਖਿਆ ਵਰਕਸ਼ਾਪ - Waterford | 1/12/2022 | Waterford Community Center |
| ਵੋਟਰ ਸਿੱਖਿਆ ਵਰਕਸ਼ਾਪ - Newman | 1/18/2022 | L.J. Newman Memorial Building |
| ਵੋਟਰ ਸਿੱਖਿਆ ਵਰਕਸ਼ਾਪ - Modesto | 1/19/2022 | Veterans Center |
| ਵੋਟਰ ਸਿੱਖਿਆ ਵਰਕਸ਼ਾਪ - Ceres | 1/25/2022 | Ceres American Legion Hall |
| ਵੋਟਰ ਸਿੱਖਿਆ ਵਰਕਸ਼ਾਪ - Oakdale | 1/31/2022 | Gene Bianchi Community Center |
| ਵੋਟਰ ਐਜੂਕੇਸ਼ਨ ਵਰਕਸ਼ਾਪ - Hughson | 2/1/2022 | Hughson Senior Center |
| ਵੋਟਰ ਸਿੱਖਿਆ ਵਰਕਸ਼ਾਪ - Patterson | 2/8/2022 | City Hall Board Chambers |
| ਪਹੁੰਚਯੋਗ ਵੋਟਿੰਗ ਉਪਕਰਨ ਦਾ ਡੈਮੋ | 10/8/2022 | ਕਲਰਕ-ਰਿਕਾਰਡਰ ਲਾਬੀ |

ਇਸੇ ਤਰ੍ਹਾਂ ਦੀਆਂ ਵਰਕਸ਼ਾਪਾਂ 2023 ਵਿੱਚ ਤਹਿ ਕੀਤੀਆਂ ਜਾਣਗੀਆਂ ਅਤੇ ਸਾਲ ਦੇ ਅੰਤ ਤੱਕ ਰਣਨੀਤਕ ਤੌਰ ਤੇ ਵਧਣਗੀਆਂ ਕਿਉਂਕਿ 2024 ਦੀਆਂ ਚੋਣਾਂ ਵਿੱਚ ਦਿਲਚਸਪੀ ਵੱਧੇਗੀ। ਪਹੁੰਚਯੋਗ ਸਮਾਗਮਾਂ ਅਤੇ ਵਰਕਸ਼ਾਪਾਂ ਦੇ ਇੱਕ ਅੱਪਡੇਟ ਕੀਤੇ ਅਨੁਸੂਚੀ ਲਈ, www.stanvote.com ਤੇ ਜਾਓ।

ਇਸ ਤੋਂ ਇਲਾਵਾ, ROV ਦਫ਼ਤਰ ਭਾਈਚਾਰਕ ਲੀਡਰਾਂ, ਸਕੂਲਾਂ ਅਤੇ ਸਥਾਨਕ ਸੇਵਾ ਸੰਸਥਾਵਾਂ, ਰੋਟਰੀ ਕਲੱਬ, Kiwanis Club ਅਤੇ Lions Club ਸਮੇਤ ਪਰ ਇਨ੍ਹਾਂ ਤੱਕ ਸੀਮਤ ਨਹੀਂ, ਨੂੰ VCA ਮਾਡਲ ਬਾਰੇ ਸਿੱਖਿਅਤ ਕਰਨ ਅਤੇ 2024 ਦੇ ਚੋਣਾਂ ਬਾਰੇ ਮੁੱਖ ਜਾਣਕਾਰੀ ਦੇਣ ਲਈ ਪੇਸ਼ਕਾਰੀਆਂ ਦੇਣਾ ਜਾਰੀ ਰੱਖੇਗਾ। ਸੇਵਾ ਸਮੂਹਾਂ ਨੂੰ ਦਿਤੀ ਪਿਛਲੀਆਂ ਪੇਸ਼ਕਾਰੀਆਂ ਦੀ ਸੂਚੀ ਅੰਤਿਕਾ D ਵਿੱਚ ਲੱਭੀ ਜਾ ਸਕਦੀ ਹੈ।

## C. **ਮੀਡੀਆ ਅਤੇ ਜਨਤਕ ਸੇਵਾ ਐਲਾਨ**

§4005(a)(10)(I)(i)(II), §4005(a)(10)(I)(i)(VIII), §4005(a)(10)(I)(i)(IX)

ਜ਼ਿਕਰ ਕੀਤੇ ਪਹੁੰਚਯੋਗ ਯਤਨਾਂ ਨੂੰ ਪੂਰਕ ਕਰਨ ਅਤੇ Stanislaus ਕਾਉਂਟੀ ਵਿੱਚ ਪਹੁੰਚ ਨੂੰ ਵਧਾਉਣ ਲਈ, ROV ਦਫ਼ਤਰ ਵੱਖ-ਵੱਖ ਮੀਡੀਆ ਪਲੇਟਫਾਰਮਾਂ ਰਾਹੀਂ ਮੁਹਿੰਮਾਂ ਅਤੇ ਜਨਤਕ ਸੇਵਾ ਘੋਸ਼ਣਾਵਾਂ ਦਾ ਵਿਕਾਸ ਕਰੇਗਾ। ਇਹਨਾਂ ਯਤਨਾਂ ਦਾ ਉਦੇਸ਼ ਉਪਰੋਕਤ ਮੈਸੇਜਿੰਗ ਬਿੰਦੂਆਂ ਨੂੰ ਹੇਠ ਦਿੱਤਿਆਂ ਨੂੰ ਪ੍ਰਦਾਨ ਕਰਨਾ:

- ਆਉਣ ਵਾਲੀਆਂ ਚੋਣਾਂ ਬਾਰੇ ਵੋਟਰਾਂ ਨੂੰ ਸੂਚਿਤ ਕਰਨਾ।
- ਭਾਸ਼ਾ ਘੱਟ ਗਿਣਤੀ ਸਮੂਹਾਂ ਅਤੇ ਅਪਾਹਜ ਵੋਟਰਾਂ ਲਈ VCA ਮਾਡਲ ਅਤੇ ਵੋਟਰ ਸੇਵਾਵਾਂ ਬਾਰੇ ਸਿੱਖਿਅਤ ਕਰਨਾ।
- ਟੋਲ-ਫ੍ਰੀ ਵੋਟਰ ਸਹਾਇਤਾ ਹਾਟਲਾਈਨ ਸਮੇਤ ROV ਦਫ਼ਤਰ ਨਾਲ ਕਿਵੇਂ ਸੰਪਰਕ ਕਰਨਾ ਹੈ ਇਸ ਬਾਰੇ ਜਾਣਕਾਰੀ ਪ੍ਰਦਾਨ ਕਰਨਾ।

ਹੇਠਾਂ ਦਿੱਤਾ ਚਾਰਟ ਵੱਖ-ਵੱਖ ਮੀਡੀਆ ਪਲੇਟਫਾਰਮਾਂ ਦੀ ਸੂਚੀ ਦਿੰਦਾ ਹੈ ਜਿੱਥੇ Stanislaus ਕਾਉਂਟੀ ਨੇ 2022 ਦੀਆਂ ਆਮ ਚੋਣਾਂ ਲਈ ਕਾਉਂਟੀ ਭਰ ਦੇ ਖੇਤਰਾਂ ਤੱਕ ਪਹੁੰਚਣ ਵਾਲੇ ਇਸ਼ਤਿਹਾਰਾਂ ਅਤੇ ਜਨਤਕ ਸੇਵਾ ਘੋਸ਼ਣਾਵਾਂ ਨੂੰ ਖਰੀਦਿਆ ਹੈ।

| ਮੀਡੀਆ ਆਉਟਲੈਟਸ | ਮੀਡੀਆ ਦੀ ਕਿਸਮ | ਭਾਸ਼ਾ |
|---|---|---|
| Fox 40 | ਟੀ.ਵੀ. | ਅੰਗਰੇਜ਼ੀ |
| KCRA 3 | ਟੀ.ਵੀ. | ਅੰਗਰੇਜ਼ੀ |
| iHeart Radio / KMRQ-FMM Rock 96.7 | ਰੇਡੀਓ | ਅੰਗਰੇਜ਼ੀ |
| iHeart Radio / KJSN-FM Sunny 102.3 | ਰੇਡੀਓ | ਅੰਗਰੇਜ਼ੀ |
| iHeart Radio / KFIV-AM PowerTalk | ਰੇਡੀਓ | ਅੰਗਰੇਜ਼ੀ |
| IHeart Radio / KOSO-FM | ਰੇਡੀਓ | ਅੰਗਰੇਜ਼ੀ |
| KBDG-FM 90.9, ਆਸ਼ੂਰੀਆਂ ਨੈਸ਼ਨਲ ਬਰਾਡਕਾਸਟਿੰਗ AGN TV | ਟੀ.ਵੀ., ਰੇਡਿਓ | ਅੰਗਰੇਜ਼ੀ, ਅੱਸ਼ੂਰੀਅਨ, ਖਮੇਰ, ਪੰਜਾਬੀ, ਦਾਰੀ, ਮੈਂਡਰਿਨ, ਅਰਬੀ, ਵੀਅਤਨਾਮੀ |
| Univision | ਟੀ.ਵੀ., ਔਨਲਾਈਨ ਬੈਨਰ ਅਤੇ ਵੀਡੀਓ | ਸਪੇਨੀ |
| Telemundo | ਟੀ.ਵੀ., ਔਨਲਾਈਨ ਬੈਨਰ ਅਤੇ ਵੀਡੀਓ | ਸਪੇਨੀ |

ROV ਦਫ਼ਤਰ 2024 ਚੋਣਾਂ ਲਈ ਇਹਨਾਂ ਹੀ ਯਤਨਾਂ ਨੂੰ ਅੱਗੇ ਵਧਾਉਣ ਅਤੇ ਜਿੱਥੇ ਵੀ ਸੰਭਵ ਹੋਵੇ, ਹੋਰ ਆਊਟਲੇਟਾਂ ਤੱਕ ਵਿਸਤਾਰ ਕਰਨ ਦੀ ਯੋਜਨਾ ਬਣਾ ਰਿਹਾ ਹੈ। ਹੋਰ ਮੀਡੀਆ ਆਉਟਲੈਟਾਂ ਵਿੱਚ ਹੇਠ ਦਿੱਤੇ ਸ਼ਾਮਲ ਹੋ ਸਕਦੇ ਹਨ ਪਰ ਇਹਨਾਂ ਤੱਕ ਸੀਮਿਤ ਨਹੀਂ ਹਨ:

- ਅਖਬਾਰਾਂ - Modesto Bee, Turlock Journal, Latino Times, Ceres Courier, Oakdale Leader, Patterson Irrigator, Mattos News
- ਮੈਗਜ਼ੀਨ - Stanislaus Magazine, Modesto View
- ਰੇਡੀਓ - Radio Lazer (ਸਪੇਨੀ), Punjabi Radio USA
- ਭੁਗਤਾਨ ਕੀਤੇ ਸੋਸ਼ਲ ਮੀਡੀਆ ਇਸ਼ਤਿਹਾਰ

### ਸੋਸ਼ਲ ਮੀਡੀਆ

ROV ਦਫਤਰ ਚੋਣਾਂ ਦੇ ਚੱਲਣ ਦੌਰਾਨ ਵੋਟਰਾਂ ਨਾਲ ਜਾਣਕਾਰੀ ਸਾਂਝੀ ਕਰਨ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰਨਾ ਜਾਰੀ ਰੱਖੇਗਾ। ਪੋਸਟਾਂ ਵਿੱਚ ਵੋਟਰ ਰਜਿਸਟ੍ਰੇਸ਼ਨ ਦੀ ਜਾਂਚ ਅਤੇ ਅੱਪਡੇਟ ਕਰਨ ਬਾਰੇ ਜਾਣਕਾਰੀ ਅਤੇ ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ ਬਾਕਸ ਟਿਕਾਣਿਆਂ ਬਾਰੇ ਜਾਣਕਾਰੀ ਸ਼ਾਮਲ ਹੋਵੇਗੀ। LAAC ਸੱਦਸਾਂ, VAAC ਸੱਦਸਾਂ, ਹੋਰ ਸਰਕਾਰੀ ਸੰਸਥਾਵਾਂ ਜਿਵੇਂ ਕਿ ਸ਼ਹਿਰ ਕਲਰਕ ਦਫ਼ਤਰਾਂ ਅਤੇ ਵੱਖ-ਵੱਖ ਸਥਾਨਕ ਸੇਵਾ ਸਮੂਹਾਂ ਨਾਲ ਪੋਸਟਾਂ ਸਾਂਝੀਆਂ ਕੀਤੀਆਂ ਜਾਣਗੀਆਂ।

## ਸੈਕਸ਼ਨ VIII - VCA ਲਾਗਤਾਂ, ਬੱਚਤਾਂ ਅਤੇ ਨਤੀਜੇ

§4005(a)(10)(I)(i)(VII), §4005(A)(10)(I)(v), §4005(g)(2)

VCA ਮਾਡਲ ਨੂੰ ਅਪਣਾਉਣ ਤੋਂ ਬਾਅਦ, ਕਾਉਂਟੀ ਨੇ ਵਿਅਕਤੀਗਤ ਵੋਟਿੰਗ ਟਿਕਾਣਿਆਂ ਦੀ ਗਿਣਤੀ ਘੱਟ ਹੋਣ ਦੇ ਬਾਵਜੂਦ VCA ਮਾਡਲ ਦੇ ਤਹਿਤ ਕੋਈ ਲਾਗਤ ਬੱਚਤ ਦੀ ਰਿਪੋਰਟ ਨਹੀਂ ਕੀਤੀ ਹੈ। ਅਨੁਮਾਨਿਤ ਬੱਚਤਾਂ ਨੂੰ ਹਾਲ ਹੀ ਦੇ ਚੋਣ ਕਾਨੂੰਨ ਦੇ ਬਦਲਾਅ ਅਤੇ VCA ਲੋੜਾਂ ਦੇ ਸੁਮੇਲ ਦੁਆਰਾ ਪੂਰਾ ਕੀਤਾ ਜਾਂਦਾ ਹੈ, ਖਾਸ ਤੌਰ ਤੇ ਵੋਟਰ ਪਹੁੰਚਯੋਗ, ਤਕਨੀਕੀ ਲੋੜਾਂ ਅਤੇ ਵਾਧੂ ਦਿਨ ਜੱਦ ਵੋਟ ਕੇਂਦਰ ਖੁੱਲ੍ਹੇ ਹਨ। ਨਾਲ ਹੀ, COVID-19 ਮਹਾਂਮਾਰੀ ਦੇ ਕਾਰਨ ਸਪਲਾਈ ਚੇਨ ਵਿੱਚ ਰੁਕਾਵਟਾਂ ਦੇ ਕਾਰਨ, ਬੈਲਟ ਅਤੇ CVIG ਉਤਪਾਦਨ ਦੀ ਲਾਗਤ ਵਿੱਚ ਵਾਧਾ ਹੋਇਆ ਹੈ। ਜਿਆਦਾ ਲੰਬੀ-ਮਿਆਦ ਪ੍ਰਤੀ ਚੋਣ ਲਾਗਤਾਂ ਦਾ ਕਾਰਨ ਹੈ:

- ਮਹੱਤਵਪੂਰਨ ਵੋਟਰ ਸਿੱਖਿਆ ਅਤੇ ਪਹੁੰਚ ਪ੍ਰਦਾਨ ਕਰਨ ਦੀ ਜ਼ਰੂਰਤ ਸਿੱਧੇ ਭੇਜੇ ਡਾਕ ਅਤੇ ਭੁਗਤਾਨ ਕੀਤੇ ਮੀਡੀਆ ਇਸ਼ਤਿਹਾਰਾਂ ਦੀ ਲਾਗਤ ਨੂੰ ਲਗਭਗ 92% ਤੱਕ ਵਧਾਉਂਦੀ ਹੈ।
- ਵੋਟ ਕੇਂਦਰ ਚਲਾਉਣ ਲਈ ਲੋੜੀਂਦੀ ਤਕਨੀਕ ਸਾਫਟਵੇਅਰ, ਸੁਰੱਖਿਆ, ਲਾਇਸੈਂਸ ਫੀਸ ਪ੍ਰਤੀ ਚੋਣ ਵਧਾਉਂਦੀ ਹੈ।
- ਵੋਟ ਕੇਂਦਰਾਂ ਅਤੇ ਵੋਟ ਕੇਂਦਰ ਦੇ ਕਾਰੋਬਾਰੀ ਦਿਨਾਂ ਵਿੱਚ ਵਾਧਾ ਲੋੜੀਂਦੀ ਤਕਨੀਕ ਚੋਣ ਵਾਲੇ ਦਿਨ ਲਈ ਸਿਰਫ ਵਾਲੰਟੀਅਰਾਂ ਨੂੰ $95 ਦੇ ਵਜ਼ੀਫੇ ਤੇ ਭੁਗਤਾਨ ਕਰਨ ਦੀ ਬਜਾਏ ਪਾਰਟ-ਟਾਈਮ ਚੋਣ ਕਲਰਕਾਂ ਨੂੰ ਨਿਯੁਕਤ ਕਰਨ ਦੀ ਜ਼ਰੂਰਤ ਦੇ ਕਾਰਨ ਮਜ਼ਦੂਰੀ ਦੀਆਂ ਲਾਗਤਾਂ ਨੂੰ ਵਧਾਉਂਦੀ ਹੈ। ਇਸ ਤੋਂ ਇਲਾਵਾ, ਇਸ ਪ੍ਰਕਾਸ਼ਨ ਦੇ ਸਮੇਂ, ROV ਦਫਤਰ ਵਲੰਟੀਅਰਾਂ ਨੂੰ ਹੋਰ VCA ਅਤੇ ਸਮਾਨ ਆਕਾਰ ਦੀਆਂ ਕਾਉਂਟੀਆਂ ਨਾਲ ਇਕਸਾਰ ਹੋਣ ਲਈ ਅਦਾ ਕੀਤੇ ਵਜ਼ੀਫੇ ਨੂੰ ਵਧਾਉਣ ਲਈ ਕੰਮ ਕਰ ਰਿਹਾ ਹੈ।
- ਬੈਲਟ ਟ੍ਰੈਕਿੰਗ ਸਿਸਟਮ (EC 3019.7) ਦੀ ਲੋੜ ਨੇ ਬੈਲਟ ਟਰੈਕਿੰਗ ਨੂੰ ਸਮਰੱਥ ਬਣਾਉਣ ਵਾਲੇ ਲੋੜੀਂਦੇ ਬਾਰਕੋਡ ਨੂੰ ਪ੍ਰਿੰਟ ਕਰਨ ਲਈ ਲੋੜੀਂਦੀ ਤਕਨੀਕ ਦੇ ਕਾਰਨ ਬੈਲਟ ਛਾਪਣ ਅਤੇ ਡਾਕ ਰਾਹੀਂ ਭੇਜਣ ਦੀ ਲਾਗਤ ਵਿੱਚ ਵਾਧਾ ਕੀਤਾ ਹੈ।

- ਵੋਟ ਕੇਂਦਰ ਸੇਵਾਵਾਂ ਦਾ ਸਮਰਥਨ ਕਰਨ ਲਈ ਲੋੜੀਂਦਾ ਤਕਨੀਕੀ ਬੁਨਿਆਦੀ ਢਾਂਚਾ ਅਤੇ ਉਪਕਰਣ ਤੇਜੀ ਨਾਲ ਸਿੱਖਣ ਦੀ ਲੋੜ ਪੈਦਾ ਕਰਦਾ ਹੈ। ਇਸ ਨੇ ਪਾਰਟ-ਟਾਈਮ ਚੋਣ ਕਲਰਕਾਂ ਲਈ ਵਾਧੂ ਸੋਲਾਂ 4-ਘੰਟੇ ਦੀ ਅਦਾਇਗੀ ਸਿਖਲਾਈ ਦੇ ਨਾਲ ਵਾਲੰਟੀਅਰਾਂ ਲਈ ਅੱਠ 3-ਘੰਟੇ ਦੀ ਅਦਾਇਗੀਸ਼ੁਦਾ ਸਿਖਲਾਈ ਤੋਂ ਸਿਖਲਾਈ ਦੀ ਗਿਣਤੀ ਵਧਾ ਦਿੱਤੀ ਹੈ।
- ਜਿੰਨੇ ਵਾਧੂ ਦਿਨ ਵੋਟ ਕੇਂਦਰ ਖੁੱਲ੍ਹੇ ਹਨ ਉਸਦੇ ਵਿੱਚ ਇੱਕ ਦਿਨ ਵਾਧੂ ਸਾਈਟਾਂ ਨੂੰ ਸਥਾਪਤ ਕਰਨ ਅਤੇ ਸਾਫ਼ ਕਰਨ ਲਈ ਲੋੜੀਂਦੇ ਹਨ ਜਿਸ ਲਈ ਕਿਰਾਏ ਦੀ ਫੀਸ ਵਿੱਚ $40 ਪ੍ਰਤੀ ਪੋਲ ਤੋਂ $120 ਰੋਜ਼ਾਨਾ ਦੀ ਦਰ ਪ੍ਰਤੀ ਵੋਟ ਕੇਂਦਰ ਤੱਕ ਵਧਾਉਣ ਦੀ ਲੋੜ ਹੈ। ਕੁਝ ਸੁਵਿਧਾ ਫੀਸਾਂ ਵੱਧ ਹੁੰਦੀਆਂ ਹਨ ਕਿਉਂਕਿ ROV ਦਫਤਰ ਕਾਨੂੰਨ ਦੁਆਰਾ ਲੋੜੀਂਦੇ ਮਾਪਦੰਡਾਂ ਦੀ ਪਾਲਣਾ ਕਰਦੇ ਹੋਏ ਵੋਟ ਕੇਂਦਰਾਂ ਦੀ ਸਥਾਪਨਾ ਲਈ ਨੇਕ ਵਿਸ਼ਵਾਸ ਨਾਲ ਕੋਸ਼ਿਸ਼ ਕਰਦਾ ਹੈ।
- ਚੋਣ ਕਲਰਕ ਅਤੇ ਫੁੱਲ-ਟਾਈਮ ਸਟਾਫ ਸਟਾਫ ਨੂੰ ਓਵਰਟਾਈਮ ਤਨਖ਼ਾਹ ਪਾਉਂਦੇ ਕਰਦੇ ਹਨ ਅਤੇ 11 ਦਿਨਾਂ ਦੀ ਮਿਆਦ ਦੇ ਦੌਰਾਨ ਵੋਟ ਕੇਂਦਰ ਖੁੱਲ੍ਹੇ ਰਹਿੰਦੇ ਹਨ। ਕੈਨਵਸ ਨੂੰ ਸਮੇਂ ਸਿਰ ਪੂਰਾ ਕਰਨਾ ਯਕੀਨੀ ਬਣਾਉਣ ਲਈ ਓਵਰਟਾਈਮ ਨਾਲ ਵੀ ਕੀਤਾ ਜਾਂਦਾ ਹੈ।
- ਪਾਰਟ-ਟਾਈਮ ਚੋਣ ਕਲਰਕਾਂ ਤੋਂ ਵੱਖ, ਮਜ਼ਦੂਰੀ ਦੇ ਖਰਚਿਆਂ ਨੂੰ ਜੋੜਦੇ ਹੋਏ,ਬੈਲਟ ਡ੍ਰੌਪ ਬਾਕਸਾਂ ਲਈ ਬੈਲਟ ਇਕੱਠਾ ਕਰਨ ਦੀਆਂ ਟੀਮਾਂ ਦੀ ਲੋੜ ਹੁੰਦੀ ਹੈ।

2024 ਦੀਆਂ ਚੋਣਾਂ ਦੀ ਤਿਆਰੀ ਵਿੱਚ, ROV ਦਫ਼ਤਰ ਇਸ EAP ਵਿੱਚ ਦੱਸੇ ਗਏ ਟੀਚਿਆਂ ਨੂੰ ਪੂਰਾ ਕਰਨ ਲਈ ਇੱਕ ਵਾਰ ਦੇ ਵਾਧੂ ਖਰਚਿਆਂ ਦੀ ਉਮੀਦ ਕਰਦਾ ਹੈ। ਇਸ ਵਿੱਚ ਸ਼ਾਮਲ ਹਨ:

| 2022 ਵਰਕਸ਼ਾਪਾਂ | ਅਨੁਮਾਨਿਤ ਲਾਗਤ |
|---|---|
| ਵਾਧੂ ਅੰਦਰੂਨੀ ਅਤੇ ਬਾਹਰੀ ਬੈਲਟ ਡ੍ਰੌਪ ਬਾਕਸ | $ 16,600.58 |
| ਵਾਧੂ ਵੋਟ ਕੇਂਦਰਾਂ ਲਈ ਵੋਟਿੰਗ ਉਪਕਰਣ | $ 202,469.00 |
| ਵਾਧੂ ਵੋਟ ਕੇਂਦਰਾਂ ਲਈ ਹੋਰ ਤਕਨੀਕੀ ਬੁਨਿਆਦੀ ਢਾਂਚਾ | $ 13,635.00 |

ਹੇਠਾਂ ਦਿੱਤਾ ਚਾਰਟ ਪੋਲਿੰਗ ਪਲੇਸ ਮਾਡਲ ਦੇ ਤਹਿਤ 2020 ਦੀਆਂ ਰਾਸ਼ਟਰਪਤੀ ਪ੍ਰਾਇਮਰੀ ਚੋਣਾਂ ਦੀਆਂ ਅਸਲ ਲਾਗਤਾਂ ਅਤੇ VCA ਮਾਡਲ ਦੇ ਤਹਿਤ ਆਉਣ ਵਾਲੀਆਂ 2024 ਦੀਆਂ ਰਾਸ਼ਟਰਪਤੀ ਪ੍ਰਾਥਮਿਕ ਚੋਣਾਂ ਲਈ ਬਜਟ ਅਨੁਮਾਨਾਂ ਵਿਚਕਾਰ ਤੁਲਨਾ ਦਰਸ਼ਾਉਂਦਾ ਹੈ। 2024 ਦੀਆਂ ਰਾਸ਼ਟਰਪਤੀ ਪ੍ਰਾਥਮਿਕ ਚੋਣਾਂ ਦੇ ਅੰਦਾਜ਼ੇ ਪ੍ਰਤੀ ਚੋਣ ਆਵਰਤੀ ਲਾਗਤਾਂ ਨੂੰ ਦਰਸ਼ਾਉਂਦੇ ਹਨ ਅਤੇ ਇਸ ਵਿੱਚ ਦੱਸੇ ਵਾਧੂ ਇੱਕ-ਵਾਰ ਖਰਚੇ ਸ਼ਾਮਲ ਨਹੀਂ ਹੁੰਦੇ ਹਨ।

| ਲਾਗਤਾਂ | ਚੋਣਾਂ ਦੇ ਨਾਲ 2020 ਰਾਸ਼ਟਰਪਤੀ ਦੀਆਂ ਪ੍ਰਾਥਮਿਕ ਅਸਲ ਲਾਗਤਾਂ | 2024 ਪ੍ਰਾਥਮਿਕ ਰਾਸ਼ਟਰਪਤੀ ਅਨੁਮਾਨਿਤ VCA ਲਾਗਤਾਂ |
|---|---|---|
| **ਕਰਮਚਾਰੀ ਰੱਖਣਾ** | | |
| ਚੋਣ ਸਟਾਫ਼ – ਫੁੱਲ ਟਾਈਮ ਅਤੇ ਪਾਰਟ ਟਾਈਮ | $454,669.45 | $ 765,365 |
| ਵਲੰਟੀਅਰ | $ 58,417.40 | $ 49,710 |
| ਹੋਰ ਵਿਭਾਗ ਸਹਾਇਤਾ (ਜਿਵੇਂ ਕਾਉਂਟੀ ਤਕਨੀਕੀ ਵਿਭਾਗ (Information Technology, IT), ਸੁਰੱਖਿਆ, ਆਮ ਸੇਵਾ ਪ੍ਰਸ਼ਾਸਨ (General Services Administration, GSA)) | $ 7,000 | $ 9,371 |
| **ਪ੍ਰਿੰਟਿੰਗ** | | |
| ਬੈਲਟ (ਜਿਸ ਵਿੱਚ ਟੈਸਟ ਬੈਲਟ, VBM, ਪੋਲ/ਵੋਟ ਕੇਂਦਰ ਸ਼ਾਮਲ ਹਨ) | $ 376,607.55 | $ 845,685.24 |
| ਵੋਟਰ ਜਾਣਕਾਰੀ ਗਾਈਡ | $ 422,748.34 | $ 769,333.68 |

| | | |
|---|---|---|
| ਲਿਫ਼ਾਫ਼ੇ | $ 16,220.41 | $ 55,350 |
| **ਵੋਟ ਕੇਂਦਰ ਸੈੱਟ-ਅੱਪ ਅਤੇ ਬੈਲਟ ਡ੍ਰੌਪ ਬਾਕਸ ਇਕੱਠੇ ਕਰਨਾ** | | |
| ਸੁਵਿਧਾ ਕਿਰਾਇਆ ਅਤੇ ਹਿਰਾਸਤੀ ਫੀਸ | $ 1,520.00 | $ 30,000 |
| ਉਪਕਰਣ ਅਤੇ ਸਪਲਾਈ ਦੀ ਡਿਲੀਵਰੀ | $ 17,545 | $ 23,000 |
| ਉਪਕਰਨ ਅਤੇ ਤਕਨੀਕ | - | $ 22,100 |
| ਛਪਾਈ (ਜਿਵੇਂ ਕਿ ਫਾਰਮ, ਸੰਕੇਤ) | $ 12,068.71 | $ 22,350 |
| ਪੋਲ/ਵੋਟ ਕੇਂਦਰ ਸਪਲਾਈ | $ 45,786.21 | $ 23,840 |
| ਡ੍ਰੌਪ ਬਾਕਸ ਸਪਲਾਈ | ਲਾਗੂ ਨਹੀਂ ਹੈ | $ 700 |
| ਵਾਹਨ ਦਾ ਕਿਰਾਇਆ ਅਤੇ ਈਂਧਣ | $ 6,700.35 | $ 25,000 |
| **ਪਹੁੰਚ** | | |
| ਇਸ਼ਤਿਹਾਰ (ਜਿਵੇਂ ਪ੍ਰਕਾਸ਼ਨ, ਅਦਾਇਗੀ ਵਿਗਿਆਪਨ, ਆਦਿ) | $ 3,223.30 | $ 68,000 |
| ਡਾਇਰੈਕਟ ਮੇਲਿੰਗ (ਕੇਵਲ VCA ਪੋਸਟਕਾਰਡ ਪ੍ਰਿੰਟਿੰਗ ਅਤੇ ਮੇਲਿੰਗ) | ਲਾਗੂ ਨਹੀਂ ਹੈ | $ 83,102 |
| **ਹੋਰ ਸੇਵਾਵਾਂ** | | |
| ਡਾਕ | $ 135,903.33 | $205,800 |
| ਡਾਕ ਦੁਆਰਾ ਰਿਮੋਟ ਪਹੁੰਚ | ਲਾਗੂ ਨਹੀਂ ਹੈ | $ 2,450 |
| ਅਨੁਵਾਦ ਸੇਵਾਵਾਂ | $ 10,300.62 | $ 28,350 |
| ਦਫ਼ਤਰੀ ਸਪਲਾਈ | $ 2,080.90 | $ 8,000 |
| ਹੋਰ ਡਾਕ (ਜਿਵੇਂ ਕਿ ਕਰਾਸਓਵਰ, ਪੋਲ ਕਰਮਚਾਰੀ ਦੀ ਉਪਲਬਧਤਾ) | $ 8,303.00 | $ 22,845 |
| ਹੋਰ ਰੱਖ-ਰਖਾਅ, ਤਕਨੀਕੀ ਸਹਾਇਤਾ, ਪੇਸ਼ੇਵਰ ਸੇਵਾਵਾਂ | $ 17,428.43 | $ 27,020 |

ਹਾਲਾਂਕਿ VCA ਮਾਡਲ ਨੇ ਉੱਚ ਚੋਣ ਖਰਚੇ ਲਗਾਏ ਹਨ, Stanislaus ਕਾਉਂਟੀ ਵੋਟਰਾਂ ਲਈ ਵਾਧੂ ਮੁੱਲ ਨੂੰ ਪਛਾਣਨਾ ਮਹੱਤਵਪੂਰਨ ਹੈ। ਲਾਭ ਵੋਟਰਾਂ ਲਈ ਵਾਧੂ ਸੇਵਾਵਾਂ, ਅਸਥਾਈ ਬੈਲਟ ਵਿੱਚ ਕਮੀ ਅਤੇ ਔਸਤ ਕੈਨਵਸ ਮਿਆਦ ਵਿੱਚ ਕਮੀ ਵਿੱਚ ਪਾਏ ਜਾਂਦੇ ਹਨ। VCA ਮਾਡਲ ਵਾਧੂ ਵਿਕਲਪ ਪ੍ਰਦਾਨ ਕਰਦਾ ਹੈ ਕਿ ਕਿਵੇਂ ਵੋਟਰ ਆਪਣੀ ਵੋਟ ਅਜਿਹੇ ਤਰੀਕੇ ਨਾਲ ਪਾ ਸਕਦੇ ਹਨ ਜੋ ਉਹਨਾਂ ਲਈ ਸਭ ਤੋਂ ਸੁਵਿਧਾਜਨਕ ਹੋਵੇ। ਦੁਬਾਰਾ ਫਿਰ, ਵੋਟ ਕੇਂਦਰਾਂ ਤੇ ਤਕਨਾਲੋਜੀ ਵੋਟਰਾਂ ਨੂੰ ਕਾਉਂਟੀ ਵਿੱਚ ਕੋਈ ਵੀ ਵੋਟ ਕੇਂਦਰ ਚੁਣਨ ਅਤੇ ਚੋਣ ਕਲਰਕਾਂ ਨੂੰ ਵੋਟਰ ਦੀ ਰਜਿਸਟ੍ਰੇਸ਼ਨ ਨੂੰ ਅੱਪਡੇਟ ਕਰਨ ਦੀ ਯੋਗਤਾ ਦਿੰਦੀ ਹੈ, ਜੇਕਰ ਲੋੜ ਹੋਵੇ, ਅਤੇ ਵੋਟਰ ਨੂੰ ਵੋਟ ਪਾਉਣ ਦੇ ਯੋਗ ਬੈਲਟ ਜਾਰੀ ਕਰ ਸਕਦਾ ਹੈ। ਅਤੀਤ ਵਿੱਚ, ਜਿਹੜੇ ਵੋਟਰ ਗਲਤ ਮਤਦਾਨ ਵਿੱਚ ਗਏ ਸਨ ਜਾਂ ਰਜਿਸਟਰਡ ਨਹੀਂ ਸਨ, ਉਨ੍ਹਾਂ ਨੂੰ ਪੋਲ 'ਤੇ ਉਪਲਬਧ ਸਹੀ ਬੈਲਟ ਤੇ ਵੋਟ ਪਾਉਣੀ ਪੈਂਦੀ ਸੀ। ਇਸਦਾ ਮਤਲਬ ਹੈ ਕਿ ਵੋਟਰ ਉਨ੍ਹਾਂ ਸਾਰੇ ਮੁਕਾਬਲਿਆਂ ਤੇ ਵੋਟ ਨਹੀਂ ਪਾ ਰਿਹਾ ਹੈ ਜਿਸ ਵਿੱਚ ਉਹ ਰਿਹਾਇਸ਼ ਦੇ ਅਧਾਰ ਤੇ ਵੋਟ ਪਾਉਣ ਦੇ ਯੋਗ ਸਨ। ਵੋਟ ਕੇਂਦਰਾਂ ਤੇ ਸੇਵਾਵਾਂ ਦੇ ਨਾਲ, ROV ਦਫਤਰ ਨੂੰ ਹਜ਼ਾਰਾਂ ਘੱਟ ਆਰਜ਼ੀ ਬੈਲਟ ਪ੍ਰਾਪਤ ਹੋਏ ਹਨ।




| ਚੋਣ | ROV ਦਫਤਰ ਪ੍ਰਮਾਣਿਤ ਨਤੀਜਿਆਂ ਦੀ ਮਿਤੀ | # ਦਿਨ ਦਾ ਕੈਨਵਸ ਸਮਾਂ-ਸੀਮਾ ਤੋਂ ਪਹਿਲਾਂ ਪੂਰਾ ਹੋ ਗਿਆ ਸੀ |
|---|---|---|
| ਨਵੰਬਰ 8, 2016 – ਆਮ ਚੋਣ (ਰਾਸ਼ਟਰਪਤੀ) | ਦਸੰਬਰ 5, 2016 | 1 |
| ਨਵੰਬਰ 6, 2018 – ਆਮ ਚੋਣ (ਗਵਰਨਰ) | ਨਵੰਬਰ 30, 2018 | 6 |
| ਨਵੰਬਰ 3, 2020 - ਆਮ ਚੋਣ (ਰਾਸ਼ਟਰਪਤੀ) | ਨਵੰਬਰ 23, 2020 | 10 |
| ਨਵੰਬਰ 08, 2022 ਆਮ ਚੋਣ (ਗਵਰਨਰ) | ਨਵੰਬਰ 23, 2022 | 10 |

ਆਰਜ਼ੀ ਬੈਲਟ ਲਿਫਾਫਿਆਂ ਦੀ ਗਿਣਤੀ ਤੋਂ ਪਹਿਲਾਂ ਕੈਨਵਾਸ ਦੌਰਾਨ ROV ਸਟਾਫ ਦੁਆਰਾ ਹੋਰ ਸਮੀਖਿਆ ਦੀ ਲੋੜ ਹੁੰਦੀ ਹੈ। ਕਨੂੰਨ ਅਨੁਸਾਰ, ਕਾਉਂਟੀ ਚੋਣ ਅਧਿਕਾਰੀਆਂ ਕੋਲ ਚੋਣ ਦਿਨ ਤੋਂ 30 ਦਿਨ ਬਾਅਦ ਚੋਣ ਨਤੀਜਿਆਂ ਨੂੰ ਪੂਰਾ ਕਰਨ ਅਤੇ ਪ੍ਰਮਾਣਿਤ ਕਰਨ ਦਾ ਸਮਾਂ ਹੁੰਦਾ ਹੈ। ਪ੍ਰਾਪਤ ਹੋਏ ਆਰਜ਼ੀ ਬੈਲਟ ਵਿੱਚ ਕਾਫ਼ੀ ਕਮੀ ਦੇ ਨਾਲ, ROV ਦਫਤਰ ਨੇ ਪਿਛਲੇ ਸਮੇਂ ਨਾਲੋਂ ਪਹਿਲਾਂ ਨਤੀਜੇ ਪ੍ਰਮਾਣਿਤ ਕੀਤੇ।




ਜਿਵੇਂ ਕਿ ROV ਦਫਤਰ VCA ਮਾਡਲ ਦੀ ਪਾਲਣਾ ਕਰਦੇ ਹੋਏ ਚੋਣਾਂ ਕਰਵਾਉਣਾ ਜਾਰੀ ਰੱਖਦਾ ਹੈ, ਵਿਭਾਗ ਪਹਿਲਾਂ ਵਿਚਾਰੇ ਗਏ ਮੈਸੇਜਿੰਗ ਬਿੰਦੂਆਂ ਨੂੰ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰੇਗਾ, ਵੋਟਰਾਂ ਨੂੰ ਭਾਸ਼ਾ ਅਤੇ ਪਹੁੰਚਯੋਗਤਾ ਸੇਵਾਵਾਂ ਬਾਰੇ ਸਿੱਖਿਅਤ ਕਰੇਗਾ ਅਤੇ ਚੋਣ ਵਾਲੇ ਦਿਨ ਵੋਟ ਕੇਂਦਰ ਲਾਈਨਾਂ ਤੋਂ ਬਚਣ ਅਤੇ ਜਲਦੀ ਵੋਟ ਪਾਉਣ ਦੇ ਵਿਕਲਪ ਤੇ ਜ਼ੋਰ ਦੇਵੇਗਾ। ਜਿਵੇਂ ਕਿ ਇਸ ਤਰ੍ਹਾਂ ਹੋਰ ਚੋਣਾਂ ਕਰਵਾਈਆਂ ਜਾਂਦੀਆਂ ਹਨ, ROV ਦਫਤਰ ਆਸ਼ਾਵਾਦੀ ਰਹਿੰਦਾ ਹੈ ਕਿ ਵੋਟਰਾਂ ਨੂੰ ਵੋਟ ਕੇਂਦਰਾਂ ਦੇ ਉੱਚੇ ਖਰਚੇ ਦਾ ਸਮਰਥਨ ਕਰਨ ਲਈ ਜਲਦੀ ਵੋਟ ਪਾਉਣ ਦਾ ਲਾਭ ਮਿਲੇਗਾ।

# ਅੰਤਿਕਾਵਾਂ

## ਅੰਤਕਾ A

ਰਜਿਸਟਰਡ ਵੋਟਰਾਂ ਨੂੰ ਭੇਜੇ ਗਏ ਪਹਿਲੇ ਪੋਸਟਕਾਰਡ ਦਾ ਨਮੂਨਾ

**STANISLAUS COUNTY**

**VOTERS' CHOICES**

**THE NEXT ELECTION IS THE GENERAL ELECTION ON TUESDAY, 11/08/2022**

Your ballot will be mailed to you beginning 10/10/2022. Remember to sign **your** envelope!

**YOU HAVE 3 CHOICES TO RETURN YOUR BALLOT IN STANISLAUS COUNTY:**

- BY MAIL: Place your ballot in your signed envelope. You can mail your ballot as soon as you receive it.
- DROP OFF AT ANY BALLOT DROP BOX: Place your ballot in your signed envelope and drop it off at a secured ballot drop box open on 10/10/2022.
- DROP OFF AT ANY VOTE CENTER: You can also vote in-person, register, update your registration or get accessibility or language assistance. Some vote centers will be open as early as 10/29/2022 and more sites will open on 11/05/2022. You may choose to go to any vote center in Stanislaus County that is convenient for you.

A list of voting locations will be in your county voter information guide. A full list will also be mailed to you by postcard and on an interactive map on www.stanvote.com.

***CONDADO DE STANISLAUS***

***OPCIONES PARA LOS VOTANTES***

***LA PRÓXIMA ELECCIÓN ES LA ELECCIÓN GENERAL DEL MARTES, 11/08/2022***

*Su boleta se le enviará por correo a partir del 10/10/2022. ¡Recuerde firmar **su** sobre!*

***TENDRA 3 OPCIONES PARA DEVOLVER SU BOLETA EN EL CONDADO DE STANISLAUS:***

- *POR CORREO: Coloque su boleta en su sobre firmado. Puede devolver su boleta por correo tan pronto como la reciba.*
- *DEJAR EN CUALQUIER BUZÓN DE BOLETA: Coloque su boleta en su sobre firmado y depositarlo en un buzón de boleta seguro abierto el 10/10/2022.*
- *DEJAR EN CUALQIER CENTRO DE VOTACIÓN: Puede votar en persona, registrarse, actualizar su registro u obtener accesibilidad o asistencia de idioma. Algunos centros de votación estarán abiertos tan pronto como el 10/29/2022 y más sitios abrirán el 11/05/2022. Podrá elegir ir a cualquier centro de votación en el Condado de Stanislaus que sea más conveniente para usted.*

*Una lista de las ubicaciones de votación estará en su guía de información del votante del condado. Una lista completa se le enviara por tarjeta postal y en un mapa interactivo en www.stanvote.com.*

www.stanvote.com • stanvote@stancounty.com • (833) 772-2260

DONNA LINDER
STANISLAUS COUNTY CLERK / RECORDER
ELECTIONS DIVISION
1021 I ST SUITE 101
MODESTO CA 95354-2331

**Return Service Requested**

OFFICIAL ELECTION MAIL

NON-PROFIT
ORG US
POSTAGE
PAID
PERMIT #3
MODESTO, CA

**IMPORTANT INFORMATION ABOUT THE NEXT ELECTION**

**INFORMACIÓN IMPORTANTE SOBRE LA PRÓXIMA ELECCIÓN**

## ਅੰਤਕਾ B

ਰਜਿਸਟਰਡ ਵੋਟਰਾਂ ਨੂੰ ਭੇਜੇ ਗਏ ਦੂਜੇ ਪੋਸਟਕਾਰਡ ਦਾ ਨਮੂਨਾ (ਬਾਹਰ ਸਮੱਗਰੀ)

# WHERE CAN I RETURN MY VOTE BY MAIL BALLOT?

***¿DONDE PUEDO DEVOLVER MI BOLETA DE VOTO POR CORREO?***



Official Ballot Drop Boxes
*Buzones de Boleta Autorizados*



Curbside Ballot Drop-Off Locations
*Ubicaciones de Buzón De Boleta Para Dejar en la Acera*



Vote Centers
*Centros de Votación*

Voters are encouraged to go to a vote center early to avoid long lines on Election Day. Vote centers are surveyed for ADA compliance and wheelchair accessibility.

*Se alienta a los votantes a ir a un centro de votación temprano para evitar las largas filas el Día de las Elecciones. Los centros de votación son inspeccionados para el cumplimiento de la ADA (Ley de Estadounidenses con Discapacidades) y la accesibilidad para silla de ruedas.*

If you choose to return your ballot by mail, it must be postmarked by Election Day and received by the Elections Office within 7 days. See the collection schedule on the USPS drop box or mail slot if you drop it off on Election Day.

*Si decide devolver su boleta por correo, debe ser matasellado por el Día de las Elecciones y recibido por la Oficina de Elecciones dentro de 7 días. Vea el horario de recolección en el buzón del USPS o en la ranura de correo si lo deposita el Día de las Elecciones.*

In addition to the ballot drop box and vote center locations listed, the Stanislaus County Registrar of Voters Office will be open to assist voters on the dates listed below.

*Además de las ubicaciones de los buzones de boleta y de los centros de votación que figuran, la Oficina del Registro de Votantes del Condado de Stanislaus estará abierta para ayudar a los votantes en las fechas que se enumeran a continuación.*

**Stanislaus County Registrar of Voters Office**
***Condado de Stanislaus Oficina del Registro de Votantes***
1021 "I" Street, Suite 101, Modesto, CA 95354

**Regular Business Hours:** Monday-Friday, 8:00 a.m. – 4:00 p.m.
***Horario Comercial Regular:*** *lunes-viernes*, 8:00 a.m. – 4:00 p.m.

**Additional Special Dates / *Fechas Especiales Adicionales*:**
Saturday / *sábado*, 10/29/2022, 8:00 a.m. – 4:00 p.m.
Saturday / *sábado*, 11/05/2022, 8:00 a.m. – 4:00 p.m.
Sunday / *domingo*, 11/06/2022, 8:00 a.m. – 4:00 p.m.
Election Day / *El Día de las Elecciones*, 7:00 a.m. – 8:00 p.m.

## ਅੰਤਕਾ C

i) ਇੱਕ ਵੈਰਿਟੀ ਸਕੈਨ (ਬੈਲਟ ਸਕੈਨਰ) ਦੇ ਨਾਲ ਵੋਟਰ ਕੇਂਦਰ ਲੇਆਉਟ ਦਾ ਨਮੂਨਾ ਡਿਜ਼ਾਈਨ




ii) ਦੋ ਵੈਰਿਟੀ ਸਕੈਨ (ਬੈਲਟ ਸਕੈਨਰ) ਦੇ ਨਾਲ ਵੋਟਰ ਕੇਂਦਰ ਲੇਆਉਟ ਦਾ ਨਮੂਨਾ ਡਿਜ਼ਾਈਨ



ਅੰਤਕਾ D

ROV ਦਫਤਰ ਦੁਆਰਾ 2022 ਵਿੱਚ ਕੀਤੀਆਂ ਪੇਸ਼ਕਾਰੀਆਂ ਦੀ ਸੂਚੀ

| ਸੰਗਠਨ | ਟਿਕਾਣਾ |
|---|---|
| Republican Party | Denny's – 1525 Mc Henry Ave., Modesto |
| Grand Jury | ਵਰਚੁਅਲ |
| Newmam City Counsel ਦੀ ਪੇਸ਼ਕਾਰੀ | ਵਰਚੁਅਲ |
| Modesto Realtors | Princeton Event Center |
| ਸੁਪਰਵਾਈਜ਼ਰ Buck Condit ਲਈ ਨਵੇਂ ਕਾਨੂੰਨ ਦੀ ਪੇਸ਼ਕਾਰੀ | ਸੁਪਰਵਾਈਜ਼ਰ ਕੰਡਿਟ ਦਾ ਦਫ਼ਤਰ |
| City of Hughson – City Counsel | ਵਰਚੁਅਲ |
| ਸੁਪਰਵਾਈਜ਼ਰ Mani Grewal ਲਈ ਨਵੇਂ ਕਾਨੂੰਨ ਦੀ ਪੇਸ਼ਕਾਰੀ | ਵਰਚੁਅਲ |
| ਸੁਪਰਵਾਈਜ਼ਰ Vito Chiesa ਲਈ ਨਵੇਂ ਕਾਨੂੰਨ ਦੀ ਪੇਸ਼ਕਾਰੀ | ਵਰਚੁਅਲ |
| Central Valley Hispanic Chamber of Commerce | ਵਰਚੁਅਲ |
| Democratic Central Committee | ਵਰਚੁਅਲ |
| ਸੁਪਰਵਾਈਜ਼ਰ Channce Condit ਲਈ ਨਵੇਂ ਕਾਨੂੰਨ ਦੀ ਪੇਸ਼ਕਾਰੀ | ਵਰਚੁਅਲ |
| Turlock Valley Board of Realtors | 811 W. Hawkeye, Turlock |
| Oakdale Board of Realtors | Oakdale Country Club |
| Modesto Chamber of Commerce | Zoom |
| Kiwanis | Papapollini - 2501 McHenry Ave., Modesto |
| Oakdale Rotary | Oakdale Country Club |
| Resco | Elks Club |
| First American Title | Teams |
| Patterson Lions Club | 650 N. 6th St., Patterson |
| Oakdale Sunrise Rotary | Oakdale Country Club, Oakdale |
| DRAIL | 1101 Sylvan Ave., Modesto |
| Salida Rotary | 2832 Healthcare Way, Modesto |
| Lions Sunset Club | Perko's - McHenry Ave., Modesto |
| Republican Women | Season's - McHenry Ave., Modesto |
| N. Modesto Kiwani's Club | Skewers - 821 L Street, Modesto |
| City Clerk Workshop | 1010 10th St., Modesto |
| Civil Grand Jury | 1021 I St., Modesto |
| KCRA | Zoom |
| DRAIL | 1101 Sylvan Ave., Modesto |
| All Saints Parish | 4040 McKenna Ave., Turlock |
| Federation for the Blind | Zoom |
| Sunrise Rotary | Green's on Tenth - 953 10th St. |
| Kaiser Community Meeting | Zoom |
| Valley Home Realty | Queen Bean - 1126 14th St |
| Title Company Meeting | 1010 10 St., Modesto |
| SIRS Meeting | Cristini's - 811 Hawkeye Turlock, CA |
| Real Estate Jerky (Radio) | 1020 15th St., Modesto |
| American Association of University of Women | Tesoro Gated Community - Oakdale |
| Bloomberg News | ਫੋਨ ਇੰਟਰਵਿਊ |
| MJC - Democracy in Common Space | Founders Hall, Modesto Junior College |
| Modesto Realtors | Princeton Event Center |